Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 290 08/04/2026 www.samajweekly.com samajweekly @samajweekly samajweekly

# ਮਨੀਪੁਰ 'ਚ ਮੁੜ ਹਿੰਸਾ ਭੜਕੀ, ਬੰਬ ਧਮਾਕੇ ਨਾਲ ਦੋ ਬੱਚਿਆਂ ਦੀ ਮੌਤ ਮਗਰੋਂ ਤੋੜਭੰਨ ਅਤੇ ਸਾੜਫੂਕ

## ਭੀੜ ਵਲੋਂ ਸੀ.ਆਰ.ਪੀ.ਐਫ਼. ਕੈਂਪ ’ਤੇ ਹਮਲਾ

**ਇੰਫਾਲ:** ਮਨੀਪੁਰ ਦੇ ਬਿਸ਼ਨੁਪੁਰ ਜ਼ਿਲ੍ਹੇ ਦੇ ਮੋਇਰੰਗ ਤ੍ਰੋਂਗਲੋਬੀ ਇਲਾਕੇ ਵਿਚ ਅੱਜ ਤੜਕੇ ਇਕ ਘਰ ’ਤੇ ਬੰਬ ਹਮਲੇ ਵਿਚ ਦੋ ਨਿੱਕੇ ਬੱਚਿਆਂ ਦੀ ਮੌਤ ਹੋ ਗਈ, ਜਦਕਿ ਉਨ੍ਹਾਂ ਦੀ ਮਾਂ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ। ਪੁਲਿਸ ਅਧਿਕਾਰੀਆਂ ਮੁਤਾਬਕ, ਸ਼ੱਕੀ ਅਤਿਵਾਦੀਆਂ ਨੇ ਰਾਤ 1 ਵਜੇ ਘਰ ’ਤੇ ਬੰਬ ਸੁੱਟਿਆ, ਜਿਸ ਨਾਲ 5 ਸਾਲ ਦਾ ਮੁੰਡਾ ਅਤੇ 6 ਮਹੀਨੇ ਦੀ ਕੁੜੀ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਇਲਾਕੇ ਵਿਚ ਲੋਕਾਂ ਨੇ ਭਾਰੀ ਰੋਸ ਪ੍ਰਗਟਾਇਆ। ਗ੍ਰਹਿ ਮੰਤਰੀ ਗੋਵਿੰਦਾਸ ਕੋਂਥੋਜਾਮ ਨੇ ਕਿਹਾ ਕਿ ਬਿਸ਼ਨੁਪੁਰ ’ਚ ਭੀੜ ਵਲੋਂ ਇਕ ਸੀ.ਆਰ.ਪੀ.ਐਫ਼. ਕੈਂਪ ’ਤੇ ਹਮਲੇ ਮਗਰੋਂ ਗੋਲੀਬਾਰੀ ’ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਪੰਜ ਹੋਰ ਜ਼ਖ਼ਮੀ ਹੋ ਗਏ। ਪ੍ਰਦਰਸ਼ਨਕਾਰੀਆਂ ਨੇ ਗੇਲਮੋਲ ਨੇੜੇ ਕੈਂਪ ’ਤੇ ਹਮਲਾ ਕਰ ਦਿਤਾ ਜੋ ਬੰਬ ਧਮਾਕੇ ਵਾਲੀ ਥਾਂ ਤੋਂ 100 ਕੁ ਮੀਟਰ ਹੀ ਦੂਰ ਹੈ। ਗ੍ਰਹਿ ਮੰਤਰੀ ਨੇ ਕਿਹਾ, ‘‘ਮੈਂ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸੀ.ਆਰ.ਪੀ.ਐਫ਼. ਕੈਂਪ ’ਚ ਨਾ ਜਾਣ ਅਤੇ ਉਨ੍ਹਾਂ ਨੂੰ ਬੰਬ ਧਮਾਕੇ ’ਚ ਸ਼ਾਮਲ ਲੋਕਾਂ ਨੂੰ ਫੜਨ ਲਈ ਕਾਰਵਾਈ ਕਰਨ ਦੇਣ।’’ ਪਰ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀ ਅਪੀਲ ਨਹੀਂ ਮੰਨੀ। ਗ੍ਰਹਿ ਮੰਤਰੀ ਨੇ ਅੱਗੇ ਕਿਹਾ, ‘‘ਉਨ੍ਹਾਂ ਨੇ ਸੀ.ਆਰ.ਪੀ.ਐਫ਼. ਕੈਂਪ ’ਚ ਜਾ ਕੇ ਗੱਡੀਆਂ ਸਾੜ ਦਿਤੀਆਂ ਅਤੇ ਕੈਂਪ ਦੇ ਇਕ ਹਿੱਸੇ ਨੂੰ ਵੀ ਢਾਹ ਦਿਤਾ, ਜਿਸ ਕਾਰਨ ਸੁਰੱਖਿਆ ਮੁਲਾਜ਼ਮਾਂ ਨੂੰ ਗੋਲੀਆਂ ਚਲਾਉਣੀਆਂ ਪਈਆਂ।’’ ਇਸ ਤੋਂ ਪਹਿਲਾਂ ਵੀ ਪ੍ਰਦਰਸ਼ਨਕਾਰੀਆਂ ਨੇ ਤੇਲ ਟੈਂਕਰਾਂ ਅਤੇ ਟਰੱਕਾਂ ਨੂੰ ਅੱਗ ਲਗਾ ਦਿਤੀ, ਟਾਇਰ ਸਾੜ ਕੇ ਸੜਕਾਂ ਜਾਮ ਕਰ ਦਿਤੀਆਂ ਅਤੇ ਪੁਲਿਸ ਚੌਕੀ ਨੂੰ ਨੁਕ-ਸਾਨ ਪਹੁੰਚਾਇਆ। ਇੰਫਾਲ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਲੋਕਾਂ ਨੇ ਗੱਡੀਆਂ ਦੀ ਆਵਾਜਾਈ ਰੋਕ ਕੇ ਟਾਇਰ ਸਾੜੇ। ਸਾਰੇ ਬਾਜ਼ਾਰ, ਦੁਕਾਨਾਂ ਅਤੇ ਸਿੱਖਿਆ ਸੰਸਥਾਵਾਂ ਬੰਦ




ਰਹੀਆਂ। ਪ੍ਰਦਰਸ਼ਨਕਾਰੀਆਂ ਨੇ ਇੰਫਾਲ ਪੂਰਬ ਦੇ ਖੁਰਾਈ, ਵਾਮਖੇਈ, ਯਾਇਰਿਪੋਕ ਅਤੇ ਇਮਫਾਲ ਪੱਛਮ ਦੇ ਕਵਾਕੇਥਲ, ਥੰਗਮੇਇਬੰਦ ਖੇਤਰਾਂ ਵਿਚ ਟਾਇਰ ਸਾੜੇ। ਬਿਸ਼ਨੁਪੁਰ ਦੇ ਖਾ ਪੋਤਸੰਗਬਮ ਅਤੇ ਇੰਫਾਲ ਤੋਂ ਮੋਇਰੰਗ ਜਾਣ ਵਾਲੇ ਰਸਤੇ ’ਤੇ, ਜ਼ਿਆਦਾਤਰ ਔਰਤਾਂ ਨੇ ਸੁਰੱਖਿਆ ਬਲਾਂ ਦੀਆਂ ਗੱਡੀਆਂ ਰੋਕ ਦਿਤੀ ਆਂ। ਹਾਲਾਤ ਕਾਬੂ ਕਰਨ ਲਈ ਇਲਾਕੇ ’ਚ ਸੁਰੱਖਿਆ ਦਸਤਿਆਂ ਨੂੰ ਤੈਨਾਤ ਕੀਤਾ ਗਿਆ ਹੈ। ਦੂਜੇ ਪਾਸੇ ਮਨੀਪੁਰ ਸਰਕਾਰ ਨੇ ਵਾਦੀ ਦੇ ਪੰਜ ਜ਼ਿਲ੍ਹਿਆਂ, ਇੰਫਾਲ ਪਛਮੀ, ਇੰਫਾਲ ਪੂਰਬੀ, ਥੌਬਾਲ, ਕਕਚਿੰਗ ਅਤੇ ਬਿਸ਼ਨੁਪੁਰ ਵਿਚ ਤਿੰਨ ਦਿਨ ਲਈ ਇੰਟਰਨੈੱਟ ਸੇਵਾਵਾਂ ਮੁਅੱਤਲ ਕਰਨ ਦਾ ਹੁਕਮ ਜਾਰੀ ਕੀਤਾ ਹੈ। ਇਹ ਫ਼ੈਸਲਾ ਕਾਨੂੰਨ-ਵਿਵਸਥਾ ਦੀ ਨਾਜ਼ੁਕ ਸਥਿਤੀ ਅਤੇ ਅਫ਼ਵਾਹਾਂ ਦੇ ਫੈਲਾਅ ਨੂੰ ਰੋਕਣ ਲਈ ਲਿਆ ਗਿਆ। ਮੁੱਖ ਮੰਤਰੀ ਵਾਈ. ਖੇਮਚੰਦ ਸਿੰਘ ਨੇ ਇਸ ਹਮਲੇ ਤੋਂ ਬਾਅਦ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਦੀ ਸਮੀਖਿਆ ਲਈ ਉੱਚ-ਪਧਰੀ ਮੀਟਿੰਗ ਸੱਦੀ। ਮੀਟਿੰਗ ਬਾਰੇ ਉਨ੍ਹਾਂ ਇਕ ਸੋਸ਼ਲ ਮੀਡੀਆ ਪੋਸਟ ’ਚ ਕਿਹਾ, ‘‘ਵਿਧਾਇਕਾਂ ਨਾਲ ਅੱਜ ਸਕੱਤਰੇਤ ਵਿਖੇ ਇਕ ਉੱਚੀ-ਪਧਰੀ ਮੀਟਿੰਗ ਦੀ ਅਗਵਾਈ ਕੀਤੀ। ਮੌਜੂਦਾ ਹਾਲਾਤ ਦੀ ਸਮੀਖਿਆ ਕੀਤੀ ਅਤੇ ਤਣਾਅ ਘਟਾਉਣ ਲਈ ਜ਼ਰੂਰੀ ਕਦਮਾਂ ’ਤੇ ਵਿਚਾਰ ਕੀਤਾ। ਸ਼ਾਂਤੀ ਭੰਗ ਹੋਈ ਹੈ ਪਰ ਅਸੀਂ ਛੇਤੀ ਤੋਂ ਛੇਤੀ ਸਥਿਰਤਾ ਲਿਆਉਣ ਲਈ ਸਮਰਪਿਤ ਹਾਂ।’’ ਇਸ ਤੋਂ ਪਹਿਲਾਂ ਉਨ੍ਹਾਂ ਨੇ ਇਸ ਹਮਲੇ ਨੂੰ ‘‘ਹੈਵਾਨਗੀ’’ ਕਰਾਰ ਦਿਤਾ। ਉਨ੍ਹਾਂ ਨੇ ਕਿਹਾ, ‘‘ਇਹ ਮਨੁੱਖਤਾ ’ਤੇ ਸਿੱਧਾ ਹਮਲਾ ਹੈ ਅਤੇ ਮਨੀਪੁਰ ਦੀ ਸ਼ਾਂਤੀ ਨੂੰ ਤੋੜਨ ਦੀ ਕੋਸ਼ਿਸ਼ ਹੈ। ਮੈਂ ਇਸ ਦੀ ਸੱਭ ਤੋਂ ਤਿੱਖੇ ਸ਼ਬਦਾਂ ਵਿਚ ਨਿੰਦਾ ਕਰਦਾ ਹਾਂ। ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਮਿਲੇਗੀ।

# ਪਾਕਿਸਤਾਨ ਵਿੱਚ ਅੱਜ ਤੋਂ ਲਾਕਡਾਊਨ, ਰਾਤ 8 ਵਜੇ ਤੋਂ ਬਾਅਦ ਬਾਜ਼ਾਰ, ਸ਼ਾਪਿੰਗ ਮਾਲ ਬੰਦ

## ਈਂਧਣ ਸੰਕਟ ਕਾਰਨ ਕੀਤਾ ਫ਼ੈਸਲਾ, ਰਾਤ 10 ਵਜੇ ਤੋਂ ਬਾਅਦ ਵਿਆਹਾਂ 'ਤੇ ਪਾਬੰਦੀ

**ਇਸਲਾਮਾਬਾਦ:** ਪਾਕਿ-ਸਤਾਨ ਵਿੱਚ ਸਰਕਾਰ ਨੇ ਸੋਮਵਾਰ ਨੂੰ ਫੈਸਲਾ ਕੀਤਾ ਕਿ ਦੇਸ਼ ਭਰ ਦੇ ਬਾਜ਼ਾਰ ਅਤੇ ਸ਼ਾਪਿੰਗ ਮਾਲ, ਊਰਜਾ ਬਚਾਉਣ ਦੇ ਉਪਾਵਾਂ ਤਹਿਤ ਰਾਤ 8 ਵਜੇ ਤੱਕ ਬੰਦ ਹੋ ਜਾਣਗੇ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਦੱਸਿਆ ਗਿਆ ਕਿ ਇਹ ਫੈਸਲਾ ਇਸਲਾਮਾਬਾਦ ਵਿੱਚ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੀ ਪ੍ਰਧਾਨਗੀ ਹੇਠ ਹੋਈ ਇੱਕ ਮੀਟਿੰਗ ਦੌਰਾਨ ਲਿਆ ਗਿਆ।

**ਸਮਾਰਟ ਲਾਕਡਾਊਨ ਦਾ ਐਲਾਨ**

ਇਹ ਫੈਸਲਾ ਇੱਕ ਉੱਚ-ਪੱਧਰੀ ਮੀਟਿੰਗ ਵਿੱਚ ਲਿਆ ਗਿਆ, ਜਿਸ ਵਿੱਚ ਊਰਜਾ ਸੰਭਾਲ ਅਤੇ ਪੈਟਰੋਲੀਅਮ ਉਤਪਾਦਾਂ ਦੀ ਵਰਤੋਂ ਘਟਾਉਣ 'ਤੇ ਜ਼ੋਰ ਦਿੱਤਾ ਗਿਆ।

**ਵਿਆਹਾਂ ਅਤੇ ਸਮਾਗਮਾਂ 'ਤੇ ਪਾਬੰਦੀਆਂ**

ਸਰਕਾਰ ਨੇ ਸਮਾਜਿਕ ਇਕੱਠਾਂ 'ਤੇ ਵੀ ਪਾਬੰਦੀਆਂ ਸਖ਼ਤ ਕਰ ਦਿੱਤੀਆਂ ਹਨ। ਬੇਕਰੀ, ਰੈਸਟੋਰੈਂਟ ਅਤੇ ਫੂਡ ਆਊਟਲੈੱਟ ਰਾਤ 10 ਵਜੇ




ਤੱਕ ਖੁੱਲ੍ਹੇ ਰਹਿਣਗੇ। ਵਿਆਹ ਹਾਲ, ਟੈਂਟ ਅਤੇ ਸਮਾਗਮ ਸਥਾਨ ਰਾਤ 10 ਵਜੇ ਤੋਂ ਬਾਅਦ ਬੰਦ ਰਹਿਣ-ਗੇ। ਰਾਤ 10 ਵਜੇ ਤੋਂ ਬਾਅਦ ਘਰਾਂ ਵਿੱਚ ਹੋਣ ਵਾਲੇ ਵਿਆਹ ਜਾਂ ਸਮਾਗਮਾਂ 'ਤੇ ਪਾਬੰਦੀ ਲਗਾਈ ਗਈ ਹੈ।

**ਮੈਡੀਕਲ ਸੇਵਾਵਾਂ ਜਾਰੀ ਰਹਿਣਗੀਆਂ**

ਹਾਲਾਂਕਿ, ਜਨਤਾ ਦੀਆਂ ਜ਼ਰੂਰਤਾਂ ਨੂੰ ਦੇਖਦੇ ਹੋਏ, ਮੈਡੀਕਲ ਸਟੋਰਾਂ ਅਤੇ ਫਾਰਮੇਸੀਆਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਸਿਹਤ ਸੇਵਾਵਾਂ ਪ੍ਰਭਾਵਿਤ ਨਾ ਹੋਣ।

# ਉੱਤਰ ਭਾਰਤ 'ਚ ਕੁਦਰਤ ਦਾ ਕਹਿਰ: ਦਿੱਲੀ-ਐਨਸੀਆਰ ਸਣੇ 20 ਰਾਜਾਂ ਵਿੱਚ ਮੀਂਹ ਅਤੇ ਗੜੇਮਾਰੀ ਦਾ ਅਲਰਟ

**ਨਵੀਂ ਦਿਲੀ।** ਉੱਤਰੀ ਭਾਰਤ ਵਿੱਚ ਮੌਸਮ ਨੇ ਇੱਕ ਵਾਰ ਫਿਰ ਕਰਵਟ ਲਈ ਹੈ, ਜਿਸ ਨਾਲ ਦਿੱਲੀ-ਐਨਸੀਆਰ ਸਮੇਤ ਕਈ ਰਾਜਾਂ ਵਿੱਚ ਤਾਪਮਾਨ ਡਿੱਗਣ ਅਤੇ ਮੀਂਹ ਪੈਣ ਦੀ ਸੰਭਾਵਨਾ ਬਣ ਗਈ ਹੈ। ਮੌਸਮ ਵਿਭਾਗ ਨੇ ਮੰਗਲਵਾਰ ਲਈ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਗਰਜ-ਤੂਫ਼ਾਨ ਦੇ ਨਾਲ-ਨਾਲ ਗੜੇਮਾਰੀ ਦੀ ਚਿਤਾਵਨੀ ਜਾਰੀ ਕੀਤੀ ਹੈ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਰਗੇ ਖੇਤੀ ਪ੍ਰਧਾਨ ਸੂਬਿਆਂ ਵਿੱਚ ਵੀ ਤੇਜ਼ ਹਵਾਵਾਂ ਨਾਲ ਮੀਂਹ ਪੈਣ ਦਾ ਅੰਦਾਜ਼ਾ ਹੈ।

40 ਤੋਂ 50 ਕਿਲੋਮੀਟਰ ਦੀ ਰਫ਼ਤਾਰ ਨਾਲ ਚੱਲਣਗੀਆਂ ਹਵਾਵਾਂ

ਮੌਸਮ ਮਾਹਿਰਾਂ ਅਨੁਸਾਰ 7 ਅਤੇ 8 ਅਪ੍ਰੈਲ ਨੂੰ ਮੌਸਮ ਦਾ ਮਿਜ਼ਾਜ਼ ਕਾਫ਼ੀ ਸਖ਼ਤ ਰਹਿ ਸਕਦਾ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਉੱਤਰ ਪ੍ਰਦੇਸ਼ ਵਿੱਚ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ



ਚੱਲਣ ਦੀ ਉਮੀਦ ਹੈ। ਇਸ ਦੌਰਾਨ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਨਾਲ ਆਮ ਜਨਜੀਵਨ ਪ੍ਰਭਾਵਿਤ ਹੋ ਸਕਦਾ ਹੈ।

ਦੇਸ਼ ਭਰ ਦੇ 20 ਸੂਬਿਆਂ ਵਿੱਚ 'ਯੈਲੋ ਅਲਰਟ'

ਵਿਭਾਗ ਨੇ ਦੇਸ਼ ਦੇ ਲਗਭਗ 20 ਰਾਜਾਂ ਵਿੱਚ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ:

ਉੱਤਰੀ ਤੇ ਪੱਛਮੀ ਭਾਰਤ: ਹਿਮਾਚਲ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ ਅਤੇ ਜੰਮੂ-ਕਸ਼ਮੀਰ।

ਪੂਰਬੀ ਤੇ ਮੱਧ ਭਾਰਤ: ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਸਿੱਕਮ ਅਤੇ ਮੱਧ ਪ੍ਰਦੇਸ਼।

ਦੱਖਣੀ ਭਾਰਤ: ਤਾਮਿਲਨਾਡੂ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ।

ਪਹਾੜਾਂ 'ਚ ਬਰਫ਼ਬਾਰੀ ਅਤੇ ਮੈਦਾਨਾਂ 'ਚ ਚਿੰਤਾ

ਜਿੱਥੇ ਮੈਦਾਨੀ ਇਲਾਕਿਆਂ ਵਿੱਚ ਮੀਂਹ ਕਾਰਨ ਗਰਮੀ ਤੋਂ ਰਾਹਤ ਮਿਲੇਗੀ, ਉੱਥੇ ਹੀ ਪਹਾੜੀ ਖੇਤਰਾਂ ਵਿੱਚ ਮੁਸ਼ਕਲਾਂ ਵਧ ਸਕਦੀਆਂ ਹਨ। ਜੰਮੂ-ਕਸ਼ਮੀਰ ਅਤੇ ਹਿਮਾਚਲ ਦੇ ਉੱਚਾਈ ਵਾਲੇ ਇਲਾਕਿਆਂ ਵਿੱਚ ਮੰਗਲਵਾਰ ਸਵੇਰ ਤੋਂ ਬੁੱਧਵਾਰ ਸ਼ਾਮ ਤੱਕ ਬਰਫ਼ਬਾਰੀ ਦਾ ਦੌਰ ਜਾਰੀ ਰਹਿ ਸਕਦਾ ਹੈ। ਕਈ ਥਾਵਾਂ 'ਤੇ ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਦਾ ਖ਼ਤਰਾ ਵੀ ਬਣਿਆ ਹੋਇਆ ਹੈ।

ਮੌਸਮ ਵਿਭਾਗ ਨੇ ਲੋਕਾਂ ਨੂੰ ਖਰਾਬ ਮੌਸਮ ਦੌਰਾਨ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਸਲਾਹ ਦਿੱਤੀ ਹੈ। ਖਾਸ ਕਰਕੇ ਕਿਸਾਨਾਂ ਲਈ ਇਹ ਮੀਂਹ ਅਤੇ ਤੇਜ਼ ਹਵਾਵਾਂ ਚਿੰਤਾ ਦਾ ਵਿਸ਼ਾ ਬਣ ਸਕਦੀਆਂ ਹਨ ਕਿਉਂਕਿ ਇਸ ਸਮੇਂ ਕਈ ਫਸਲਾਂ ਕਟਾਈ ਦੇ ਪੜਾਅ 'ਤੇ ਹਨ।

## ਚੰਬਾ ਵਿੱਚ ਲੈਂਡਸਲਾਈਡ ਕਾਰਨ ਢਹਿ ਢੇਰੀ ਹੋਇਆ ਉਸਾਰੀ ਅਧੀਨ ਪੁਲ, ਜਾਨੀ ਨੁਕਸਾਨ ਤੋਂ ਬਚਾਅ

**ਚੰਬਾ।** ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਚੰਬਾ ਵਿੱਚ ਇੱਕ ਪੁਲ ਲੈਂਡਸਲਾਈਡ ਦੀ ਲਪੇਟ ਵਿੱਚ ਆ ਕੇ ਟੁੱਟ ਗਿਆ। ਭਰਮੌਰ ਉਪਮੰਡਲ ਦੇ ਹੋਲੀ ਖੇਤਰ ਵਿੱਚ ਅੱਜ ਲਗਾਤਾਰ ਹੋ ਰਹੀ ਬਾਰਿਸ਼ ਅਤੇ ਭਾਰੀ ਭੂਸਖਲਨ ਕਾਰਨ ਨਿਰਮਾਣ ਅਧੀਨ ਸਿਯੁਰ ਪੁਲ ਤਬਾਹ ਹੋ ਗਿਆ। ਇਹ ਪੁਲ ਅਜੇ ਬਣ ਰਿਹਾ ਸੀ ਅਤੇ ਅਚਾਨਕ ਆਏ ਮਲਬੇ ਦੀ ਲਪੇਟ ਵਿੱਚ ਆਉਣ ਕਾਰਨ ਪੂਰੀ ਤਰ੍ਹਾਂ ਟੁੱਟ ਗਿਆ। ਗ਼ਨੀਮਤ ਰਹੀ ਕਿ ਘਟਨਾ ਦੇ ਸਮੇਂ ਪੁਲ ਤੇ ਕੋਈ ਮਜ਼ਦੂਰ ਜਾਂ ਆਮ ਵਿਅਕਤੀ ਮੌਜੂਦ ਨਹੀਂ ਸੀ, ਜਿਸ ਨਾਲ ਇੱਕ ਵੱਡਾ ਹਾਦਸਾ ਟਲ ਗਿਆ। ਅੱਜ ਸਵੇਰੇ ਕਰੀਬ 7:48 ਵਜੇ ਤੇਜ਼ ਗਰਜ ਦੇ ਨਾਲ ਪਹਾੜੀ ਤੋਂ ਭਾਰੀ ਮਾਤਰਾ ਵਿੱਚ ਮਲਬਾ ਹੇਠਾਂ ਡਿੱਗਿਆ, ਜਿਸ ਨੇ ਨਿਰਮਾਣ ਵਾਲੀ ਥਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਦੇਖਦੇ ਹੀ ਦੇਖਦੇ ਪੁਲ ਦਾ ਢਾਂਚਾ ਭਰਭਰਾ ਕੇ ਡਿੱਗ ਗਿਆ। ਸਥਾਨਕ ਲੋਕਾਂ ਨੇ ਦੱਸਿਆ ਕਿ ਪਿਛਲੇ ਕੁਝ



ਦਿਨਾਂ ਤੋਂ ਖੇਤਰ ਵਿੱਚ ਲਗਾਤਾਰ ਬਾਰਿਸ਼ ਹੋ ਰਹੀ ਸੀ, ਜਿਸ ਕਾਰਨ ਪਹਾੜੀਆਂ ਕਮਜ਼ੋਰ ਹੋ ਚੁੱਕੀਆਂ ਸਨ। ਇਸ ਪੁਲ ਦਾ ਨਿਰਮਾਣ ਖੇਤਰ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਸੀ, ਕਿਉਂਕਿ ਇਸ ਦੇ ਬਣ ਜਾਣ ਨਾਲ ਕਈ ਪਿੰਡਾਂ ਦੀ ਆਵਾਜਾਈ ਸੌਖੀ ਹੋਣੀ ਸੀ। ਪਰ ਇਸ ਘਟਨਾ ਤੋਂ ਬਾਅਦ ਇੱਕ ਵਾਰ ਫਿਰ ਨਿਰਮਾਣ ਕਾਰਜ ਅਤੇ ਸੁਰੱਖਿਆ ਮਾਪਦੰਡਾਂ ਤੇ ਸਵਾਲ ਖੜ੍ਹੇ ਹੋ ਗਏ ਹਨ।

## ਪੰਜਾਬਣ ਸੁਖਮਨ ਕੌਰ ਇਟਲੀ ਦੀ ਲੋਕਲ ਪੁਲਿਸ ’ਚ ਹੋਈ ਭਰਤੀ

**ਮਿਲਾਨ** : ਇਟਲੀ ਵਿੱਚ ਵੱਸਦੇ ਪੰਜਾਬੀਆ ਦੀ ਨਵੀਂ ਪੀੜ੍ਹੀ ਅੱਜਕੱਲ ਸਫਲਤਾ ਦੇ ਝੰਡੇ ਬੁਲੰਦ ਕਰ ਰਹੀ ਹੈ । ਜਿਸ ਨਾਲ ਇਟਲੀ ਵਿੱਚ ਵਸਦੇ ਪੰਜਾਬੀਆਂ ਦੀ ਚੜ੍ਹਤ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਟਲੀ ਦੇ ਮਿਲਾਨ ਸ਼ਹਿਰ ਵਿੱਚ ਲੋਕਲ ਪੁਲਿਸ (ਪੁਲੀਸੀਆ ਲੋਕਾਲੇ) ਵਿੱਚ ਭਰਤੀ ਹੋਈ ਸੁਖਮਨ ਕੌਰ ਨੇ ਇਟਲੀ ਵਿੱਚ ਕਾਮਯਾਬੀ ਦੇ ਝੰਡੇ ਗੱਡੇ ਹਨ ਅਤੇ ਭਾਈਚਾਰੇ ਦਾ ਮਾਣ ਵਧਾਇਆ ਹੈ। 20 ਸਾਲਾ ਸੁਖਮਨ ਕੌਰ ਜੋ ਕਿ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਿੱਕੀ ਮਿਆਣੀ (ਬੇਗੋਵਾਲ) ਨਾਲ ਸੰਬੰਧਿਤ ਹੈ ਅਤੇ ਆਪਣੇ ਪਿਤਾ ਪਲਵਿੰਦਰ ਸਿੰਘ ਅਤੇ ਮਾਤਾ ਹਰਜੀਤ ਕੌਰ ਨਾਲ ਇਟਲੀ ਦੇ ਤੋਰਤੋਨਾ (ਅਲੈਸਾਂਦਰੀਆ) ਵਿਖੇ ਰਹਿ ਰਹੀ ਹੈ । ਉਸ ਨੇ ਦੱਸਿਆ ਕਿ ਉਸ ਦੇ ਮਾਪਿਆਂ ਦੇ



ਸਹਿਯੋਗ ਅਤੇ ਅਰਦਾਸਾਂ ਦੇ ਸਦਕਾ ਹੀ ਇਹ ਸਾਰਾ ਸੰਭਵ ਹੋ ਸਕਿਆ। ਸੁਖਮਨ ਕੌਰ ਦੇ ਪਿਤਾ ਪਲਵਿੰਦਰ ਸਿੰਘ ਨੇ ਪੱਤਰਕਾਰ ਨੂੰ ਗੱਲਬਾਤ ਕਰਦਿਆਂ ਦੱਸਿਆ ਕਿ ਉਹਨਾਂ ਦੀ ਹੋਣਹਾਰ ਬੇਟੀ ਦੋ ਸਾਲ ਦੀ ਉਮਰ ਵਿੱਚ ਇਟਲੀ ਪੁੱਜੀ ਸੀ, ਇੱਥੇ ਆ ਕੇ ਹੀ ਉਸ ਨੇ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ । ਸਖਤ ਮਿਹਨਤ ਅਤੇ ਲਗਨ ਸਦਕਾ ਉੱਚੇ ਪੱਧਰ ਦੇ ਇਮਤਿਹਾਨ ਨਾਲ ਲੋਕਲ ਪੁਲਿਸ ਵਿੱਚ ਭਰਤੀ ਹੋਈ ਹੈ। ਅੱਜ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਮਿਲਕੇ ਸੁਖਮਨ ਕੌਰ ਦੇ ਨੌਕਰੀ ਮਿਲਣ ਦੀ ਖੁਸ਼ੀ ਵਿੱਚ ਕੇਕ ਕੱਟਿਆ ਅਤੇ ਉਸ ਦਾ ਮੂੰਹ ਮਿੱਠਾ ਕਰਵਾਇਆ। ਗੁਰਦੁਆਰਾ ਸਿੰਘ ਸਭਾ ਫਲੇਰੋ ਦੇ ਮੁੱਖ ਸੇਵਾਦਾਰ ਭਾਈ ਬਲਕਾਰ ਸਿੰਘ ਘੋੜੇਸ਼ਾਹਵਾਨ ਜੋ ਕਿ ਸੁਖਮਨ ਕੌਰ ਦੇ ਨਜਦੀਕੀ ਰਿਸ਼ਤੇਦਾਰ ਵੀ ਹਨ, ਉਹਨਾਂ ਸੁਖਮਨ ਕੌਰ ਦੇ ਪੁਲਿਸ ’ਚ ਨੌਕਰੀ ਪ੍ਰਾਪਤ ਕਰਨ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਟਲੀ ਵਿੱਚ ਨਵੀਂ ਪੀੜ੍ਹੀ ਚੰਗੀ ਪੜ੍ਹਾਈ ਕਰਕੇ ਵੱਡੀਆਂ ਨੌਕਰੀਆਂ ਪ੍ਰਾਪਤ ਕਰੇ ਅਤੇ ਪੰਜਾਬ (ਭਾਰਤ) ਦਾ ਨਾਮ ਇਸੇ ਤਰ੍ਹਾਂ ਰੌਸ਼ਨ ਕਰੇ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਰਾਤੀਆਂ ਦੀ ਕਾਰ ਤੂੜੀ ਨਾਲ ਭਰੇ ਟਰੱਕ ਨਾਲ ਟਕਰਾਉਣ ਕਾਰਨ 4 ਨੌਜਵਾਨਾਂ ਦੀ ਮੌਤ, 8 ਜ਼ਖ਼ਮੀ



**ਇੰਦੌਰ।** ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਵਿਆਹ ਸਮਾਰੋਹ ਤੋਂ ਪਰਤ ਰਹੇ ਬਾਰਾਤੀਆਂ ਦੀ ਕਾਰ ਦੇ ਤੂੜੀ ਨਾਲ ਭਰੇ ਟਰੱਕ ਨਾਲ ਟਕਰਾਉਣ ਕਾਰਨ ਚਾਰ ਨੌਜਵਾਨਾਂ ਦੀ ਮੌਤ ਹੋ ਗਈ, ਜਦੋਂ ਕਿ 8 ਵਿਅਕਤੀ ਜ਼ਖ਼ਮੀ ਹੋ ਗਏ। ਪੁਲੀਸ ਦੇ ਇਕ ਅਧਿਕਾਰੀ ਨੇ ਅੱਜ ਇਹ ਜਾਣਕਾਰੀ ਦਿੱਤੀ। ਸਹਾਇਕ ਸਬ-ਇੰਸਪੈਕਟਰ ਜਗਦੀਸ਼ ਰਾਠੌੜ ਨੇ ਦੱਸਿਆ ਕਿ ਹਾਦਸਾ ਇੰਦੌਰ-ਨੇਮਾਵਰ ਰੋਡ ਤੇ ਬੀਤੀ ਰਾਤ 1.30 ਵਜੇ ਦੇ ਨੇੜੇ ਹੋਇਆ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਸਰਕਾਰੀ ਮਹਾਰਾਜਾ ਯਸ਼ਵੰਤਰਾਓ ਹਸਪਤਾਲ ਲਿਜਾਏ ਗਏ ਮੁਹੰਮਦ ਫਰਹਾਨ (19), ਆਰਿਸ਼ ਅਲੀ (20) ਅਤੇ ਮੁਹੰਮਦ ਇਰਫਾਨ (24) ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਐਮਵਾਈਐਚ ਹਸਪਤਾਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਸਪਤਾਲ ਵਿੱਚ ਇਲਾਜ ਦੌਰਾਨ ਅਰਫਾਦ ਖਾਨ (23) ਨੇ ਦਮ ਤੋੜ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚ ਸ਼ਾਮਲ ਤਿੰਨ ਲੋਕਾਂ ਨੂੰ ਮੁੱਢਲੇ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ, ਜਦੋਂ ਕਿ 5 ਲੋਕ ਹਸਪਤਾਲ ਵਿੱਚ ਦਾਖ਼ਲ ਹਨ, ਜਿਨ੍ਹਾਂ ਵਿੱਚ 18 ਸਾਲਾ ਨੌਜਵਾਨ ਦੀ ਹਾਲਤ ਗੰਭੀਰ ਹੈ। ਪੁਲੀਸ ਅਨੁਸਾਰ, ਇਹ ਸਾਰੇ ਲੋਕ ਇੰਦੌਰ ਦੇ ਰਹਿਣ ਵਾਲੇ ਹਨ ਅਤੇ ਇਕ ਵਿਆਹ ਸਮਾਰੋਹ ਵਿੱਚ ਬਾਰਾਤੀ ਵਜੋਂ ਸ਼ਾਮਲ ਹੋਣ ਤੋਂ ਬਾਅਦ ਘਰ ਆ ਰਹੇ ਸਨ। ਹਾਦਸੇ ਤੇ ਗੁੱਸੇ ਲੋਕਾਂ ਨੇ ਟਰੱਕ ਵਿੱਚ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਲੀਸ ਨੇ ਉਨ੍ਹਾਂ ਨੂੰ ਸਮਝਾ ਕੇ ਹਾਲਾਤ ਤੇ ਕਾਬੂ ਪਾਇਆ। ਪੁਲੀਸ ਅਨੁਸਾਰ ਹਾਦਸੇ ਤੋਂ ਬਾਅਦ ਟਰੱਕ ਦਾ ਡਰਾਈਵਰ ਫਰਾਰ ਹੋ ਗਿਆ, ਜਿਸ ਦੀ ਭਾਲ ਕੀਤੀ ਜਾ ਰਹੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਛੱਤੀਸਗੜ੍ਹ ਵਿਚ ਸਕਾਰਪੀਓ ਨੇ 4 ਔਰਤਾਂ ਨੂੰ ਕੁਚਲਿਆ, 3 ਦੀ ਮੌਤ



**ਛੱਤੀਸਗੜ੍ਹ।** ਛੱਤੀਸਗੜ੍ਹ ਦੇ ਅੰਬਿਕਾਪੁਰ ਵਿੱਚ, ਇੱਕ ਤੇਜ਼ ਰਫ਼ਤਾਰ ਸਕਾਰਪੀਓ ਨੇ ਚਾਰ ਔਰਤਾਂ ਨੂੰ ਕੁਚਲ ਦਿੱਤਾ, ਜਿਸ ਕਾਰਨ ਤਿੰਨ ਦੀ ਮੌਤ ਹੋ ਗਈ। ਇਹ ਹਾਦਸਾ ਐਤਵਾਰ ਸ਼ਾਮ ਨੂੰ NH-130 'ਤੇ ਭਿੱਟੀਕਲਾ ਵਿੱਚ ਵਾਪਰਿਆ। ਔਰਤਾਂ ਸਬਜ਼ੀ ਮੰਡੀ ਤੋਂ ਵਾਪਸ ਆ ਰਹੀਆਂ ਸਨ ਕਿ ਅਚਾਨਕ ਸਾਹਮਣੇ ਤੋਂ ਇੱਕ ਬੇਕਾਬੂ ਸਕਾਰਪੀਓ ਆਈ ਅਤੇ ਉਨ੍ਹਾਂ 'ਤੇ ਚੜ੍ਹ ਗਈ। ਹਾਦਸੇ ਤੋਂ ਬਾਅਦ, ਮਾਸੂਮ ਧੀ ਆਪਣੀ ਮਾਂ ਦੀ ਲਾਸ਼ ਸੜਕ 'ਤੇ ਪਈ ਦੇਖ ਕੇ ਰੋਂਦੀ ਰਹੀ। ਇਹ ਘਟਨਾ ਮਨੀਪੁਰ ਪੁਲਿਸ ਸਟੇਸ਼ਨ ਖੇਤਰ ਵਿੱਚ ਵਾਪਰੀ। ਜ਼ਖ਼ਮੀ ਔਰਤ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਘਟਨਾ ਤੋਂ ਬਾਅਦ ਗੁੱਸੇ ਵਿੱਚ ਆਈ ਭੀੜ ਨੇ ਡਰਾਈਵਰ ਦੀ ਕੁੱਟਮਾਰ ਕੀਤੀ ਅਤੇ ਲਾਸ਼ਾਂ ਨੂੰ ਸੜਕ 'ਤੇ ਰੱਖ ਕੇ ਹਾਈਵੇਅ ਜਾਮ ਕਰ ਦਿੱਤਾ। 3 ਤੋਂ 4 ਕਿਲੋਮੀਟਰ ਲੰਬਾ ਟ੍ਰੈਫਿਕ ਜਾਮ ਡੇਢ ਘੰਟੇ ਤੱਕ ਚੱਲਿਆ। ਪੁਲਿਸ ਦੇ ਦਖ਼ਲ ਤੋਂ ਬਾਅਦ ਸਥਿਤੀ ਨੂੰ ਕਾਬੂ ਕੀਤਾ ਗਿਆ ਤੇ ਮੁਲਜ਼ਮ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮ੍ਰਿਤਕਾਂ ਦੀ ਪਛਾਣ ਰਾਮਬਾਈ (50), ਮੁੰਨੀ ਬਾਈ (40)ਤੇ ਸ਼ਿਆਮਪਤੀ (35) ਵਜੋਂ ਹੋਈ ਹੈ। ਰਿਪੋਰਟਾਂ ਅਨੁਸਾਰ, ਇੱਕ ਤੇਜ਼ ਰਫ਼ਤਾਰ ਸਕਾਰਪੀਓ (ਨੰਬਰ CG 15 EH 8874) ਅੰਬਿਕਾਪੁਰ ਤੋਂ ਲਖਨਪੁਰ ਜਾ ਰਹੀ ਸੀ ਕਿ ਭਿੱਟੀਕਲਾ ਪਿੰਡ ਵਿੱਚ ਤਿੰਨ ਔਰਤਾਂ ਨੂੰ ਕੁਚਲ ਦਿੱਤਾ ਤੇ ਬਾਅਦ ਵਿਚ ਚੌਥੀ ਔਰਤ ਨਾਲ ਟਕਰਾ ਗਈ। ਗੱਡੀ ਰੁਕਣ ਵਿੱਚ ਅਸਫਲ ਰਹੀ ਅਤੇ ਇੱਕ ਸਾਹਮਣੇ ਤੋਂ ਆ ਰਹੇ ਟ੍ਰੇਲਰ ਨਾਲ ਟਕਰਾ ਗਈ। ਹਾਦਸੇ ਤੋਂ ਬਾਅਦ ਘਟਨਾ ਵਾਲੀ ਥਾਂ 'ਤੇ ਹਫੜਾ-ਦਫੜੀ ਮਚ ਗਈ। ਸਕਾਰਪੀਓ ਨਾਲ ਜ਼ਖ਼ਮੀ ਹੋਈਆਂ ਤਿੰਨੋਂ ਔਰਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇੱਕ ਹੋਰ ਔਰਤ ਆਯੂਸ਼ੀ ਜ਼ਖ਼ਮੀ ਹੋ ਗਈ। ਗੁੱਸੇ ਵਿੱਚ ਆਈ ਭੀੜ ਨੇ ਭੱਜ ਰਹੇ ਸਕਾਰਪੀਓ ਡਰਾਈਵਰ ਦਾ ਪਿੱਛਾ ਕੀਤਾ ਅਤੇ ਉਸਨੂੰ ਫੜ ਲਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ।

## PSEB ਵੱਲੋਂ 2010 ਤੋਂ ਬੋਰਡ ਪ੍ਰੀਖਿਆਵਾਂ ਵਿੱਚ ਅਸਫ਼ਲ ਰਹੇ ਵਿਦਿਆਰਥੀਆਂ ਲਈ "ਵਿਸ਼ੇਸ਼ ਮੌਕਾ": ਹਰਜੋਤ ਸਿੰਘ ਬੈਂਸ

**ਚੰਡੀਗੜ੍ਹ:** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਇਕ ਅਹਿਮ ਹਮਦਰਦੀ-ਭਰਪੂਰ ਪਹਿਲ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਉਨ੍ਹਾਂ ਵਿਦਿਆਰਥੀਆਂ ਲਈ ਯਕਮੁਸ਼ਤ “ਵਿਸ਼ੇਸ਼ ਮੌਕਾ”(ਮਰਸੀ ਚਾਂਸ) ਦੇਣ ਜਾ ਰਿਹਾ ਹੈ, ਜੋ 10ਵੀਂ ਜਾਂ 12ਵੀਂ ਬੋਰਡ ਪ੍ਰੀਖਿਆ ਪਾਸ ਨਹੀਂ ਸਨ ਕਰ ਸਕੇ। ਇਹ ਐਲਾਨ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੀਤਾ।

ਇਸ ਪਹਿਲਕਦਮੀ ਲਈ ਯੋਗਤਾ ਅਤੇ ਦਾਇਰੇ ਬਾਰੇ ਸਿੱਖਿਆ ਮੰਤਰੀ ਨੇ ਦੱਸਿਆ ਕਿ ਉਹ ਸਾਰੇ ਵਿਦਿਆਰਥੀ, ਜੋ ਮਾਰਚ 2010 ਤੋਂ ਹੁਣ ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਿਸੇ ਵੀ ਪ੍ਰੀਖਿਆ ਵਿੱਚ ਬੈਠੇ ਹਨ ਅਤੇ ਪਾਸ ਨਹੀਂ ਸਨ ਹੋਏ, ਉਹ ਵਿਸ਼ੇਸ਼ ਮੌਕੇ (ਮਰਸੀ ਚਾਂਸ) ਲਈ ਯੋਗ ਹੋਣਗੇ। ਇਸ ਮੌਕੇ ਦਾ ਲਾਭ ਉਹ ਵਿਦਿਆਰਥੀ ਲੈ ਸਕਦੇ ਹਨ, ਜਿਨ੍ਹਾਂ ਨੇ ਘੱਟੋ-ਘੱਟ ਇੱਕ ਵਿਸ਼ਾ ਪਾਸ ਕੀਤਾ ਹੈ। ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਇਹ ਵਿਸ਼ੇਸ਼ ਸਹੂਲਤ ਉਨ੍ਹਾਂ ਨੂੰ ਆਪਣਾ ਬੋਰਡ ਸਰਟੀਫਿਕੇਸ਼ਨ ਪ੍ਰਾਪਤ ਕਰਨ ਦਾ ਅੰਤਮ ਰਸਤਾ ਪ੍ਰਦਾਨ ਕਰੇਗੀ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ 27 ਅਪ੍ਰੈਲ, 2026 ਨੂੰ ਸ਼ੁਰੂ ਹੋਵੇਗੀ ਅਤੇ ਵਿਸ਼ੇਸ਼ ਪ੍ਰੀਖਿਆਵਾਂ 15 ਜੁਲਾਈ, 2026 ਤੋਂ ਹੋਣਗੀਆਂ। ਉਨ੍ਹਾਂ ਕਿਹਾ ਕਿ ਵਿਸਤਾਰਥ ਨਿਰਦੇਸ਼, ਵਿਸ਼ਾ-ਵਾਰ ਸਿਲੇਬਸ ਅਤੇ ਅਪਲਾਈ ਕਰਨ ਲਈ ਲਿੰਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਧਿਕਾਰਤ ਵੈੱਬਸਾਈਟ ’ਤੇ ਉਪਲਬਧ ਹੋਵੇਗਾ।ਇਸ ਪਹਿਲਕਦਮੀ ਨੂੰ ਨੌਵੇਂ ਗੁਰੂ ਸਾਹਿਬ ਜੀ ਦੀ ਪਵਿੱਤਰ ਅਤੇ ਸਦੀਵੀਂ ਵਿਰਾਸਤ ਪ੍ਰਤੀ ਨਿਮਰ ਸ਼ਰਧਾਂਜਲੀ ਦੱਸਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਵਿਸ਼ੇਸ਼ ਮੌਕਾ ਉਨ੍ਹਾਂ ਵਿਦਿਆਰਥੀਆਂ ਲਈ ਇੱਕ ਸੁਨਹਿਰੀ ਅਵਸਰ ਹੋਵੇਗਾ, ਜੋ ਕਈ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਆਪਣੀ ਸਕੂਲੀ ਸਿੱਖਿਆ ਪੂਰੀ ਨਹੀਂ ਕਰ ਸਕੇ ਸਨ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦਰਸਾਏ ਦਇਆ-ਭਾਵਨਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਅਤੇ ਸਿੱਖਿਆ ਪ੍ਰਤੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਵਰ੍ਹੇ ਦੇ ਇਤਿਹਾਸਕ ਮੌਕੇ ਸੂਬਾ ਸਰਕਾਰ ਇਹ ਚਾਹੁੰਦੀ ਹੈ ਕਿ ਆਪਣੀ ਸਿੱਖਿਆ ਪੂਰੀ ਕਰਨ ਦਾ ਚਾਹਵਾਨ ਹਰ ਵਿਦਿਆਰਥੀ ਇਹ ਮਹਿਸੂਸ ਕਰੇ ਕਿ ਸਿੱਖਿਆ ਪੂਰੀ ਕਰਨ ਵਿੱਚ ਕਦੇ ਵੀ ਕੋਈ ਦੇਰੀ ਨਹੀਂ ਹੁੰਦੀ। ਸ. ਬੈਂਸ ਨੇ ਕਿਹਾ ਕਿ ਇਹ ਮੌਕਾ ਆਪਣੇ ਭਵਿੱਖ ਨੂੰ ਲਿਖਣ ਦਾ ਇੱਕ ਸੁਨਹਿਰੀ ਮੌਕਾ ਹੈ। ਉਨ੍ਹਾਂ ਨੇ ਯੋਗ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਸਮਾਂ ਗੁਆਏ ਇਸ ਸਬੰਧੀ ਨਿਯਮਤ ਜਾਣਕਾਰੀ ਲਈ ਪੀ.ਐਸ.ਈ.ਬੀ. ਦੀ ਵੈੱਬਸਾਈਟ ਦੇਖਦੇ ਰਹਿਣ ਅਤੇ ਉਹ ਕਿਸੇ ਵੀ ਪੁੱਛਗਿੱਛ ਲਈ ਆਪਣੇ ਨੇੜਲੇ ਜ਼ਿਲ੍ਹਾ ਸਿੱਖਿਆ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

# ਫਗਵਾੜਾ ‘ਚ ਨਸ਼ਾ ਤਸਕਰੀ ਮਾਡਿਊਲ ਬੇਨਕਾਬ, 16.8 ਕਿਲੋ ਹੈਰੋਇਨ ਸਮੇਤ 4 ਗ੍ਰਿਫ਼ਤਾਰ

**ਚੰਡੀਗੜ੍ਹ।** ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ ‘ਤੇ ਤੁਰੰਤ ਕਾਰਵਾਈ ਕਰਦਿਆਂ ਕਪੂਰਥਲਾ ਪੁਲਿਸ ਨੇ ਫਗਵਾੜਾ ਇਲਾਕੇ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਇੱਕ ਸੁਚੱਜੇ ਢੰਗ ਨਾਲ ਚੱਲ ਰਹੇ ਮਾਡਿਊਲ ਦਾ ਪਰਦਾਫਾਸ਼ ਕਰਦੇ ਹੋਏ 4 ਵਿਅਕਤੀਆਂ ਨੂੰ ਕਾਬੂ ਕੀਤਾ ਹੈ ਅਤੇ ਉਨ੍ਹਾਂ ਕੋਲੋਂ 16.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪ੍ਰਾਰੰਭਿਕ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਨਸ਼ੀਲੀ ਖੇਪ ਸਰਹੱਦੀ ਇਲਾਕਿਆਂ ਰਾਹੀਂ ਪੰਜਾਬ ਵਿੱਚ ਲਿਆਂਦੀ ਗਈ ਸੀ ਅਤੇ ਇਸਨੂੰ ਅੱਗੇ ਚੰਡੀਗੜ੍ਹ ਭੇਜਣ ਦੀ ਯੋਜਨਾ ਸੀ। ਜਾਂਚ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਇਸ ਗਿਰੋਹ ਦੇ ਤਾਰ ਪਾਕਿਸਤਾਨ ਅਤੇ ਦੁਬਈ ਵਿੱਚ ਬੈਠੇ ਹੈਂਡਲਰਾਂ ਨਾਲ ਜੁੜੇ ਹੋਏ ਹਨ, ਜੋ ਇਸ ਪੂਰੇ ਨੈੱਟਵਰਕ ਨੂੰ ਨਿਯੰਤਰਿਤ ਕਰ ਰਹੇ ਸਨ। ਇਸ ਸਬੰਧੀ ਫਗਵਾੜਾ ਦੇ ਥਾਣਾ ਸਦਰ ਵਿੱਚ



ਐਨਡੀਪੀਐਸ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਇਸ ਗਿਰੋਹ ਦੇ ਹੋਰ ਮੈਂਬਰਾਂ ਅਤੇ ਨੈੱਟਵਰਕ ਦੀਆਂ ਗਹਿਰਾਈਆਂ ਤੱਕ ਪਹੁੰਚਣ ਲਈ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਪੰਜਾਬ ਪੁਲਿਸ ਨੇ ਦੁਹਰਾਇਆ ਹੈ ਕਿ ਉਹ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਇਸ ਤਰ੍ਹਾਂ ਦੀਆਂ ਕਾਰਵਾਈਆਂ ਜਾਰੀ ਰੱਖੇਗੀ।



# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਦੀਆਂ ਵਿਦਿਆਰਥਣਾਂ ਦੇ ਸ਼ਾਨਦਾਰ ਨਤੀਜਿਆਂ ਦੀ ਲਗਾਈ ਝੜੀ

ਜ਼ਿਲ੍ਹੇ ਵਿੱਚ ਦੂਜਾ ਅਤੇ ਯੂਨੀਵਰਸਿਟੀ ਵਿੱਚ ਛੇਵਾਂ ਸਥਾਨ ਕੀਤਾ ਹਾਸਿਲ

ਕਪੂਰਥਲਾ, 7 ਅਪ੍ਰੈਲ (ਕੌੜਾ )- ਬੀ.ਕਾਮ ਪਹਿਲੇ ਸੈਮੇਸਟਰ ਦੇ ਨਤੀਜਿਆਂ ਵਿੱਚ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ),ਫੱਤੂਢੀਂਗਾ ਦੀਆਂ ਵਿਦਿਆਰਥਣਾਂ ਨੇ ਲਗਾਤਾਰ ਉੱਚ ਅਕਾਦਮਿਕ ਮਿਆਰ ਨੂੰ ਕਾਇਮ ਰੱਖਦਿਆਂ ਇਕ ਵਾਰ ਫਿਰ ਉਲੇਖਣਯੋਗ ਪ੍ਰਦਰਸ਼ਨ ਦਰਜ ਕਰਵਾਇਆ ਹੈ। ਕਾਲਜ ਨੇ ਜ਼ਿਲ੍ਹਾ ਪੱਧਰ ‘ਤੇ ਦੂਜਾ ਅਤੇ ਯੂਨੀਵਰਸਿਟੀ ਪੱਧਰ ‘ਤੇ ਛੇਵਾਂ ਸਥਾਨ ਹਾਸਲ ਕਰਕੇ ਆਪਣੀ ਅਕਾਦਮਿਕ ਸ਼੍ਰੇਸ਼ਠਤਾ ਨੂੰ ਦੁਹਰਾਇਆ ਹੈ।

ਉਕਤ ਪ੍ਰਾਪਤੀ ਵਿੱਚ ਲਵਪ੍ਰੀਤ ਕੌਰ(8.56 ਐੱਸ.ਜੀ. ਪੀ.ਏ), ਜ਼ਿਲ੍ਹੇ ਵਿੱਚੋਂ ਦੂਜਾ ਅਤੇ ਯੂਨੀਵਰਸਿਟੀ ਵਿੱਚੋਂ ਛੇਵਾਂ ਸਥਾਨ ਹਾਸਲ ਕੀਤਾ,ਐਸ਼ਪ੍ਰੀਤ ਕੌਰ ਨੇ 8.08 ਐੱਸ.ਜੀ. ਪੀ.ਏ ਅਤੇ ਗਗਨਪ੍ਰੀਤ ਕੌਰ ਨੇ 7.84ਐੱਸ.ਜੀ. ਪੀ.ਏ ਪ੍ਰਾਪਤ ਕਰਕੇ ਕਾਲਜ ਵਿੱਚੋਂ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ





ਹਾਸਲ ਕੀਤਾ। ਵਿਦਿਆਰਥਣਾਂ ਨੇ ਚੰਗੇ ਨਤੀਜੇ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦੇ ਮਾਣ ਵਿੱਚ ਵਾਧਾ ਕੀਤਾ ਹੈ। ਇਸ ਮੌਕੇ ‘ਤੇ ਕਾਮਰਸ ਵਿਭਾਗ ਦੀ ਮੁਖੀ ਪ੍ਰੋਫੈਸਰ ਪ੍ਰਭਜੋਤ ਕੌਰ ਅਤੇ ਪ੍ਰੋ. ਜੀਤਨ ਨੇ ਵੀ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਵਿਦਿਆਰਥਣਾਂ ਦੀ ਲਗਾਤਾਰ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਉੱਚੇ ਲਕਸ਼ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ . ਦਲਜੀਤ ਸਿੰਘ ਖਹਿਰਾ ਨੇ ਇਸ ਉਪਲਬਧੀ ‘ਤੇ ਸੰਤੁਸ਼ਟੀ ਪ੍ਰਗਟਾਉਂਦੇ ਹੋਏ ਕਿਹਾ ਕਿ ਲਗਾਤਾਰ ਪ੍ਰਾਪਤ ਹੋ ਰਹੇ ਉੱਤਮ ਨਤੀਜੇ ਵਿਦਿਆਰਥਣਾਂ ਦੀ ਲਗਨ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਸਮਰਪਿਤ ਮਿਹਨਤ ਦਾ ਪ੍ਰਮਾਣ ਹਨ। ਉਨ੍ਹਾਂ ਨੇ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਰਹੇਗੀ।

# ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਗਏ

**ਕਪੂਰਥਲਾ, 7 ਅਪ੍ਰੈਲ (ਕੌੜਾ )–** ਸਰਕਾਰੀ ਐਲੀਮੈਂਟਰੀ ਸਕੂਲ ਦੰਦੂਪੁਰ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਸਕੂਲ ਮੁੱਖੀ ਸੁਖਵਿੰਦਰ ਸਿੰਘ ਦੀ ਅਗਵਾਈ ਵਿਚ ਕੀਤਾ ਗਿਆ। ਜਿਸ ਵਿਚ ਸਕੂਲ ਦੇ ਅਧਿਆਪਕਾਂ ਵੱਲੋਂ ਸਕੂਲ ਦੇ ਵਿੱਚ ਪ੍ਰਵਾਸੀ ਨਵੇਂ ਦਾਖ਼ਲ ਬੱਚਿਆਂ ਨੂੰ ਸਕੂਲ ਬੈਗ ਵੰਡੇ ਗਏ ।ਇਸ ਦੌਰਾਨ ਸਕੂਲ ਮੁੱਖੀ ਸੁਖਵਿੰਦਰ ਸਿੰਘ ਨੇ ਮਨਜਿੰਦਰ ਸਿੰਘ,ਪਵਨਦੀਪ ਕੌਰ,ਬਲਵਿੰਦਰ ਕੌਰ ਆਂਗਨਵਾੜੀ ਰਜਵੰਤ ਕੌਰ ਆਦਿ ਹਾਜ਼ਰੀ ਵਿੱਚ ਕਿਹਾ ਕਿ ਸਰਕਾਰੀ ਐਲੀਮੈਂਟਰੀ ਸਕੂਲ ਦੰਦੂਪੁਰ ਵਿੱਚ ਸੈਸ਼ਨ 2026- 27 ਸੰਬੰਧੀ ਦਾਖਲੇ ਸ਼ੁਰੂ ਹੋ ਚੁੱਕੇ ਹਨ। ਜਿਸ ਸੰਬੰਧੀ ਨਵੇਂ ਦਾਖਲ ਹੋਏ ਬੱਚਿਆਂ ਨੂੰ ਹਰ ਸਾਲ ਦੀ ਤਰ੍ਹਾਂ ਸਵਾਗਤ ਦੇ ਤੌਰ ਤੇ ਨਵੇਂ ਬੈਗ ਦੇ ਕੇ ਉਹਨਾਂ ਦਾ ਸਕੂਲ ਵਿੱਚ ਜੀ



**ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡਣ ਉਪਰੰਤ ਸਕੂਲ ਮੁਖੀ ਸੁਖਵਿੰਦਰ ਸਿੰਘ ਮਨਜਿੰਦਰ ਸਿੰਘ ਤੇ ਸਮੂਹ ਸਟਾਫ।**

ਆਇਆ ਆਖਿਆ ਜਾਂਦਾ ਹੈ। ਇਸੇ ਤਹਿਤ ਹੀ ਸਕੂਲ ਬੈਗ ਵਿਦਿਆਰਥੀਆਂ ਨੂੰ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਸਕੂਲ ਵਿੱਚ ਸਰਕਾਰ ਦੁਆਰਾ ਹਰ ਪ੍ਰਕਾਰ ਦੀਆਂ ਸਹੂਲਤਾਂ ਜਿਨ੍ਹਾਂ ਵਿੱਚ ਮੁਫਤ ਕਿਤਾਬਾਂ, ਦੁਪਹਿਰ ਦਾ ਖਾਣਾ, ਮੁਫਤ ਵਰਦੀ ਤੇ ਹੋਰ ਸਹੂਲਤਾਂ ਮਿਲ ਰਹੀਆਂ ਹਨ। ਇਸ ਦੇ ਨਾਲ ਹੀ ਪੜ੍ਹਾਈ ਦੀ ਗੁਣਵੱਤਾ ਸਬੰਧੀ ਮਿਸ਼ਨ ਸਮਰੱਥ 4.0 ਤਹਿਤ ਤੀਜੀ, ਚੌਥੀ ਤੇ ਪੰਜਵੀਂ ਦੇ ਬੱਚਿਆਂ ਨੂੰ ਅੱਖਰ ਗਿਆਨ ਨਾਲ ਭਰਪੂਰ ਕੀਤਾ ਜਾਂਦਾ ਹੈ। ਉਹਨਾਂ ਨੇ ਬੱਚਿਆਂ ਦੇ ਮਾਪਿਆਂ ਨੂੰ ਵੱਧ ਤੋਂ ਵੱਧ ਆਪਣੇ ਬੱਚਿਆਂ ਦੇ ਦਾਖਲੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਾਉਣ ਲਈ ਪ੍ਰੇਰਿਤ ਕੀਤਾ। ਇਹ ਮੌਕੇ ਤੇ ਮਨਜਿੰਦਰ ਸਿੰਘ, ਪਵਨਦੀਪ ਕੌਰ,ਬਲਵਿੰਦਰ ਕੌਰ ਆਂਗਨਵਾੜੀ ਰਜਵੰਤ ਕੌਰ ਆਦਿ ਹਾਜਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਲੱਧੜਾਂ ਵਿਖੇ ਨਵੇਂ ਸੈਸ਼ਨ ਦੇ ਆਗਾਜ਼ 'ਤੇ ਸਮਾਗਮ ਕਰਵਾਇਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬਲਾਕ ਨਕੋਦਰ -2 ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਲੱਧੜਾਂ ਵਿਖੇ ਸੈਸ਼ਨ 2026-27 ਨੂੰ ਮੁੱਖ ਰੱਖਦਿਆਂ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਅਧੀਨ ਨਗਰ ਦੀ ਸੁੱਖ ਸ਼ਾਂਤੀ, ਵਿਦਿਆਰਥੀਆਂ ਦੇ ਚੰਗੇ ਭਵਿੱਖ ਅਤੇ ਨੇਕ ਦਿਲੀ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਚੁਣੀਂਦਾ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਪ੍ਰਿੰਸੀਪਲ ਕਮਲ ਗੁਪਤਾ, ਨੋਡਲ ਅਫ਼ਸਰ ਪ੍ਰਦੀਪ ਕੁਮਾਰ, ਸਰਪੰਚ ਜਸਵੀਰ ਸਿੰਘ ਸੋਢੀ, ਸਾਬਕਾ ਸਰਪੰਚ ਡਾ. ਦਵਿੰਦਰ ਕੁਮਾਰ, ਪੰਚ ਸੁੱਚਾ ਸਿੰਘ, ਬਲਾਕ ਰੀਸੋਰਸ ਕੁਆਰਡੀਨੇਟਰ ਗੁਰਦੀਪ ਸਿੰਘ, ਬਲਵੀਰ ਜੱਖੂ, ਰਾਜਵਿੰਦਰ ਕੌਰ ਜੱਖੂ, ਮੁਕੇਸ਼ ਕੁਮਾਰ ਮਹਿਮੀ, ਜਸਵੀਰ ਸਿੰਘ ਸ਼ਾਇਰ, ਦਿਲਬਾਰ ਰਾਣਾ, ਕੁਲਵੀਰ ਕੌਰ, ਮਾਸਟਰ ਤਾਰਾ ਸਿੰਘ, ਚਮਨ ਲਾਲ, ਚੇਅਰਪਰਸਨ ਮੰਜੂ, ਜਗਮੋਹਨ ਸਿੰਘ, ਜੋਗਿੰਦਰ ਪਾਲ, ਸੁਰਜੀਤ ਬੇਗ਼ਮ, ਸੰਤੋਖ ਰਾਣੀ, ਗ੍ਰੰਥੀ ਕਰਮਜੀਤ ਸਿੰਘ ਅਤੇ ਸਮੂਹ ਸਟਾਫ਼ ਸਰਕਾਰੀ ਹਾਈ ਸਕੂਲ ਨੂਰਪੁਰ, ਸਮੂਹ ਸਟਾਫ਼ ਪ੍ਰਾਇਮਰੀ ਤੇ ਮਿਡਲ



ਲੱਧੜਾਂ ਆਦਿ ਸ਼ਾਮਲ ਹਨ। ਇਸ ਮੌਕੇ ਪ੍ਰਿੰਸੀਪਲ ਕਮਲ ਗੁਪਤਾ ਹੁਰਾਂ ਨਵੇਂ ਸੈਸ਼ਨ ਦੀ ਸ਼ੁਰੂਆਤ 'ਤੇ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਅਜਿਹੇ ਉੱਦਮ ਹੁੰਦੇ ਰਹਿਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਸਮਾਜ ਦਾ ਭਲਾ ਮੰਗਿਆ ਜਾਂਦਾ ਹੋਵੇ। ਇਸੇ ਤਰ੍ਹਾਂ ਮੁਕੇਸ਼ ਕੁਮਾਰ ਮਹਿਮੀ ਹੁਰਾਂ ਪਿੰਡ ਨੂੰ ਸਕੂਲ ਦੀ ਹਰ ਸੰਭਵ ਸਹਾਇਤਾ ਕਰਨ ਦੀ ਅਪੀਲ ਕੀਤੀ ਗਈ। ਇਸ ਉਪਰੰਤ ਮਾਸਟਰ ਜਸਪ੍ਰੀਤ ਸਿੰਘ ਹੁਰਾਂ ਸਰਕਾਰੀ ਸਹੂਲਤਾਂ ਦੱਸਦਿਆਂ ਸਰਕਾਰੀ ਸਕੂਲਾਂ ਵਿੱਚ ਬੱਚੇ ਦਾਖ਼ਲਾ ਕਰਾਉਣ ਲਈ ਕਿਹਾ ਜਦਕਿ ਜਸਵੀਰ ਸਿੰਘ ਸ਼ਾਇਰ ਹੁਰਾਂ ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝ ਅਤੇ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਜਿੱਤਾਂ ਨੂੰ ਮਾਣ ਦੇਣ ਦੀ ਗੱਲ ਕਹੀ। ਆਖ਼ਰ ਵਿੱਚ ਮੈਡਮ ਕੁਲਵਿੰਦਰ ਕੌਰ ਹੁਰਾਂ ਸਭ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣ ਦੀ ਅਪੀਲ ਕੀਤੀ। ਇਸ ਸਮੇਂ ਮਾਸਟਰ ਜਸਮੀਤ ਸਿੰਘ, ਜਸਪ੍ਰੀਤ ਕੌਰ, ਸਮੂਹ ਪਿੰਡ ਪੰਚਾਇਤ, ਸਮੂਹ ਵਿਦਿਆਰਥੀਆਂ ਦੇ ਮਾਪੇ, ਸਮੂਹ ਵਿਦਿਆਰਥੀ, ਮਿਡ ਡੇ ਮੀਲ ਵਰਕਰ, ਆਂਗਣਵਾੜੀ ਵਰਕਰ, ਸਿਹਤ ਵਿਭਾਗ ਦੇ ਅਧਿਕਾਰੀ ਅਤੇ ਪੱਤਵੰਤੇ ਸੱਜਣ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਸ਼ਾ ਕਿਰਨ ਸਕੂਲ ਵਿੱਚ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ




**ਹੁਸ਼ਿਆਰਪੁਰ 7 ਅਪ੍ਰੈਲ (ਤਰਸੇਮ ਦੀਵਾਨਾ)** – ਵਿਸ਼ਵ ਸਿਹਤ ਦਿਵਸ 'ਤੇ ਜੇ. ਐਸ. ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇੜਾ ਵਿੱਚ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਦੌਰਾਨ ਡਾ. ਨਰੇਸ਼ ਸੂਦ ਵੱਲੋਂ 100 ਵਿਸ਼ੇਸ਼ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਿਪਲੋਮਾ ਇਨ ਸਪੈਸ਼ਲ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਵੀ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਸਕੂਲ ਵਿੱਚ ਪਹੁੰਚੀ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਮੇਂ-ਸਮੇਂ 'ਤੇ ਵਿਸ਼ੇਸ਼ ਵਿਦਿਆਰਥੀਆਂ ਲਈ ਇਸ ਤਰ੍ਹਾਂ ਦੇ ਕੈਂਪ ਸਕੂਲ ਵਿੱਚ ਲਗਾਏ ਜਾਂਦੇ ਹਨ। ਇਸ ਮੌਕੇ ਜ਼ਿਲ੍ਹਾ ਸਪੈਸ਼ਲ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਕੂਲ ਦੀ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਸਕੂਲ ਵਿੱਚ ਉਨ੍ਹਾਂ ਦੀ ਸਿਹਤ ਦਾ ਵੀ ਖਿਆਲ ਰੱਖਿਆ ਜਾਂਦਾ ਹੈ। ਇਸ ਮੌਕੇ ਰਾਮ ਆਸਰਾ, ਡਾਇਰੈਕਟਰ ਅੰਜਨਾ, ਕੋਰਸ-ਕੋਆਰਡੀਨੇਟਰ ਬਰਿੰਦਰ ਸਿੰਘ, ਡਾ. ਸਿਮਰਨ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੀ ਮੌਜੂਦ ਰਹੇ।ਫੋਟੋ ਅਜਮੇਰ ਦੀਵਾਨਾ

# ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਵੱਲੋਂ ਪੀ.ਐਚ.ਸੀ. ਪਾਲਦੀ ਦਾ ਦੌਰਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਡਾ.ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਣਜੀਤ ਸਿੰਘ ਜ਼ਿਲਾ ਪਰਿਵਾਰ ਭਲਾਈ ਅਫ਼ਸਰ ਵੱਲੋਂ ਪੀ.ਐਚ.ਸੀ. ਪਾਲਦੀ ਦਾ ਦੌਰਾ ਕਰਕੇ ਸਿਹਤ ਸੇਵਾਵਾਂ ਦਾ ਮੌਕੇ 'ਤੇ ਜਾਇਜ਼ਾ ਲਿਆ ਗਿਆ ਅਤੇ ਸਟਾਫ਼ ਨਾਲ ਮੀਟਿੰਗ ਕਰਕੇ ਵੱਖ ਵੱਖ ਸਿਹਤ ਪ੍ਰੋਗਰਾਮ ਸਬੰਧੀ ਡਿਸਕਸ ਕੀਤਾ ਗਿਆ। ਇਸ ਮੌਕੇ ਡਾਕਟਰ ਪਰਮਵੀਰ ਸਿੰਘ ਰਾਏ ਐਸ ਐਮਓ ਪਾਲਦੀ ਉਹਨਾਂ ਦੇ ਨਾਲ ਸਨ। ਉਹਨਾਂ ਕਿਹਾ ਕਿ ਗਰਭਵਤੀ ਔਰਤਾਂ ਦੀ ਜਲਦ ਤੋਂ ਜਲਦ ਰਜਿਸਟਰੇਸ਼ਨ ਕਰਨਾ ਯਕੀਨੀ ਬਣਾਇਆ ਜਾਵੇ। ਘੱਟ ਸੈਕਸ ਰੇਸ਼ੋ ਵਾਲੇ ਪਿੰਡਾਂ 'ਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਣ। ਮਾਤਾ-ਬਾਲ ਸਿਹਤ ਸਹੂਲਤਾਂ, ਸੰਸਥਾਗਤ ਜਨੇਪੇ ਦੌਰਾਨ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਗਰੂਕ ਕਰਨ ਅਤੇ ਸਰਕਾਰੀ ਸੰਸਥਾਵਾਂ ਵਿੱਚ ਜਣੇਪਾ ਕਰਾਉਣ ਲਈ ਜਾਗਰੂਕ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਰਿਕਾਰਡ ਅਤੇ ਕੰਮਕਾਜ ਸਬੰਧੀ ਜਾਣਕਾਰੀ ਵੀ ਸਾਂਝੀ ਕੀਤੀ। ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਸਥਿਤੀਆਂ ਵਿੱਚ ਆਉਣ ਵਾਲੇ ਹਰ ਮਰੀਜ਼ ਨੂੰ ਪੂਰੀ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਪਾਵਰਕਾਮ ਪੈਨਸ਼ਨਰਜ ਵੱਲੋਂ ਡਿਜੀਟਲ ਲਾਈਵ ਸਰਟੀਫਿਕੇਟ ਖਿਲਾਫ ਰੋਸ ਪ੍ਰਦਰਸ਼ਨ

**ਅੰਮ੍ਰਿਤਸਰ, ( ਲਖਵਿੰਦਰ ਸਿੰਘ ਗਿੱਲ )**-ਪੰਜਾਬ ਰਾਜ ਪਾਵਰਕ-ਾਮ/ਟ੍ਰਾਂਸਕੋ ਲਿਮਟਿਡ ਪੈਨਸ਼ਨਰਜ ਐਸੋਸੀਏਸ਼ਨ ਰਜਿਸਟਰਡ ਸਬਅਰਬਨ ਮੰਡਲ ਅੰਮ੍ਰਿਤਸਰ ਦੇ ਪ੍ਰਧਾਨ ਮਹਿੰਦਰ ਸਿੰਘ ਖਹਿਰਾ ਦੀ ਅਗਵਾਈ ਹੇਠ ਸੂਬਾ ਕਮੇਟੀ ਦੇ ਸੱਦੇ ਤੇ ਮਜੀਠਾ ਬਿਜਲੀ ਦਫ਼ਤਰ ਕੰਪਲੈਕਸ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵਿਚ ਪੈਨਸ਼ਨਰਜ ਵੱਲੋਂ ਭਰਵੀਂ ਭਾਗੀਦਾਰੀ ਨਿਭਾਈ ਗਈ। ਸਰਕਲ ਪ੍ਰਧਾਨ ਕਰਮ ਸਿੰਘ ਰਾਜਾਸਾਂਸੀ ਤੇ ਸਰਕਲ ਸਕੱਤਰ ਸਵਿੰਦਰਪਾਲ ਮੋਲੋਵਾਲੀ ਵੀ ਉੱਚੇ ਤੌਰ ਤੇ ਸ਼ਾਮਲ ਹੋਏ। ਵਿਚਾਰ ਚਰਚਾ ਤੋਂ ਪਹਿਲਾਂ ਵਿਛੜੀਆਂ ਰੂਹਾਂ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਇਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਤੇ ਆਗੂਆਂ ਨੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਦੋਵਾਂ ਸਰਕਾਰਾਂ ਖਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਪੈਨਸ਼ਨਰਜ, ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ, ਪੱਤਰਕਾਰ ਤੇ ਛੋਟੇ ਵਪਾਰੀਆਂ ਸਮੇਤ ਹਰ ਵਰਗ ਆਪਣੇ ਹੱਕਾਂ ਲਈ ਆਪਣੇ ਪਲੇਟਫਾਰਮ ਤੋਂ ਸੰਘਰਸ਼ ਕਰ ਰਿਹਾ ਹੈ। ਪ੍ਰਧਾਨ ਮਹਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਪਿਛਲੇ ਦਿਨੀਂ



ਸੀਨੀਅਰ ਐਗਜ਼ੀਕਿਊਟਿਵ ਇੰਜੀਨੀਅਰ ਸਬਅਰਬਨ ਮੰਡਲ ਅੰਮ੍ਰਿਤਸਰ ਨਾਲ ਪੈਨਸ਼ਨਰਜ ਮੰਗਾਂ ਬਾਰੇ ਲਿਖਤੀ ਮੀਟਿੰਗ ਕੀਤੀ ਗਈ ਸੀ। ਉਥੇ ਐਕਸ਼ਨ ਵੱਲੋਂ ਭਰੋਸਾ ਦਿਵਾਇਆ ਗਿਆ ਸੀ ਕਿ ਪੈਂਡਿੰਗ ਕੰਮ ਜਲਦ ਹੱਲ ਕੀਤੇ ਜਾਣਗੇ। ਪਰ ਅਪ੍ਰੈਲ ਮਹੀਨੇ ਵਿਚ ਹਰ ਸਾਲ ਵਾਂਗ ਲਾਈਵ ਸਰਟੀਫਿਕੇਟ ਜਾਰੀ ਕਰਨ ਵਿਚ ਇਸ ਵਾਰ ਭਾਰੀ ਮੁਸ਼ਕਲ ਆ ਰਹੀ ਹੈ। ਪਾਵਰਕਾਮ ਮੈਨੇਜਮੈਂਟ ਵੱਲੋਂ ਡਿਜੀਟਲ ਲਾਈਵ ਸਰਟੀਫਿਕੇਟ ਲਾਜ਼ਮੀ ਕਰਨ ਦਾ ਫੈਸਲਾ ਲਿਆ ਗਿਆ ਹੈ, ਜੋ ਬਹੁਤ ਸਾਰੇ ਪੈਨਸ਼ਨਰਜ ਖਾਸ ਕਰ ਫੈਮਿਲੀ ਪੈਨਸ਼ਨਰਜ ਲਈ ਭਾਰੀ ਬੋਝ ਬਣ ਗਿਆ ਹੈ। ਉਨ੍ਹਾਂ ਵਿਚ ਬਹੁਤਿਆਂ ਕੋਲ ਸਮਾਰਟਫੋਨ ਨਹੀਂ ਹਨ ਤੇ ਉਹ ਅਣਪੜ੍ਹ ਵੀ ਹਨ। ਇਸ ਲਈ ਲਾਈਵ ਸਰਟੀਫਿਕੇਟ ਦੀ ਆਪਸ਼ਨ ਵਿਵਸਥਾ ਬਣਾਈ ਜਾਣੀ ਚਾਹੀਦੀ ਹੈ। ਇਸ ਭਖਦੇ ਮੁੱਦੇ ਤੇ ਵੇਰਕਾ ਕੰਪਲੈਕਸ ਵਿਚ ਪੈਂਦੀਆਂ ਚਾਰ ਡਵੀਜ਼ਨ ਐਕਸ਼ਨਾਂ ਨੂੰ ਮੰਗ ਪੱਤਰ ਦਿੱਤਾ ਗਿਆ ਹੈ। ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 6 ਅਪ੍ਰੈਲ ਤੋਂ 16 ਅਪ੍ਰੈਲ 2026 ਤੱਕ ਮੰਡਲ ਪੱਧਰ ਤੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਮੰਡਲ ਅਫਸਰਾਂ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਹਨ ਕਿ ਡਿਜੀਟਲ ਲਾਈਵ ਸਰਟੀਫਿਕੇਟ ਨੂੰ ਲਾਜ਼ਮੀ ਬਣਾਉਣ ਦੀ ਬਜਾਏ ਆਪਸ਼ਨ ਦੀ ਵਿਵਸਥਾ ਕੀਤੀ ਜਾਵੇ। ਇਸ ਤੋਂ ਇਲਾਵਾ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਮੁਤਾਬਕ 18 ਅਪ੍ਰੈਲ 2026 (ਸ਼ਨੀਵਾਰ) ਨੂੰ ਲੁਧਿਆਣਾ ਵਿਖੇ ਬਿਜਲੀ ਮੰਤਰੀ ਦੀ ਰਿਹਾਇਸ਼ ਸਾਹਮਣੇ ਸੂਬਾ ਪੱਧਰੀ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਤਿਆਰੀਆਂ ਜੋਰਾਂ ਤੇ ਚੱਲ ਰਹੀਆਂ ਹਨ। ਇਸ ਪੂਰੀ ਘਟਨਾ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਤੇ ਹੀ ਹੋਵੇਗੀ। ਇਸ ਮੌਕੇ ਰਾਮ ਲੁਭਾਇਆ ਮਜੀਠਾ, ਜੋਗਿੰਦਰ ਸਿੰਘ ਸੋਹੀ, ਗੁਰਨਾਮ ਸਿੰਘ, ਜਗੀਰ ਸਿੰਘ ਸੋਹੀ, ਰਵੇਲ ਸਿੰਘ ਗੋਸਲ, ਦਲਵਿੰਦਰ ਸਿੰਘ ਅਤੇ ਸੁਭਾਸ਼ ਚੰਦਰ ਆਦਿ ਹਾਜ਼ਰ ਸਨ।

# ਪਿੰਡ ਸੱਲ੍ਹ ਕਲਾਂ ਅਤੇ ਸੱਲ੍ਹ ਖ਼ੁਰਦ ਦੇ ਪ੍ਰਾਇਮਰੀ ਸਕੂਲਾਂ ਦੀਆਂ ਮੈਡਮਾਂ ਤੇ ਸਾਨੂੰ ਮਾਣ ਹੈ : ਸੁਖਦੇਵ ਸਿੰਘ ਗਰਚਾ

**ਲੁਧਿਆਣਾ 7 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਅੱਜ ਵਰਲਡ ਹੈਲਥ ਡੇ (ਅੰਤਰਰਾਸ਼ਟਰੀ ਸਿਹਤ ਦਿਵਸ) ਦੇ ਮੌਕੇ 'ਤੇ ਨਵ ਕਿਰਣ ਵੂਮਨ ਵੈਲਫੇਅਰ ਐਸੋਸੀਏਸ਼ਨ ਦੀ ਪ੍ਰਧਾਨ ਅਤੇ ਬੇਲਨ ਬ੍ਰਿਗੇਡ ਦੀ ਰਾਸ਼ਟਰੀ ਪ੍ਰਧਾਨ ਆਰਕੀਟੈਕਟ ਅਨੀਤਾ ਸ਼ਰਮਾ ਨੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਯੋਗ ਨੂੰ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਵਰਲਡ ਹੈਲਥ ਆਰਗਨਾਈਜ਼ੇਸ਼ਨ ਮੁਤਾਬਕ ਦੁਨੀਆ ਵਿੱਚ ਲਗਭਗ 70% ਮੌਤਾਂ ਜੀਵਨਸ਼ੈਲੀ ਨਾਲ ਜੁੜੀਆਂ ਬਿਮਾਰੀਆਂ—ਜਿਵੇਂ ਦਿਲ ਦੀ ਬਿਮਾਰੀ, ਕੈਂਸਰ ਅਤੇ ਸ਼ੂਗਰ—ਕਾਰਨ ਹੁੰਦੀਆਂ ਹਨ। ਭਾਰਤ ਵਿੱਚ ਲਗਭਗ 50% ਮਹਿਲਾਵਾਂ ਖੂਨ ਦੀ ਕਮੀ (ਐਨੀਮੀਆ) ਨਾਲ ਪੀੜਤ ਹਨ, ਅਤੇ ਮਹਿਲਾਵਾਂ ਵਿੱਚ ਪੋਸ਼ਣ ਦੀ ਕਮੀ, ਹਾਰਮੋਨਲ ਅਸੰਤੁਲਨ ਅਤੇ ਮਾਨਸਿਕ ਤਣਾਅ ਦੇ ਕੇਸ ਮਰਦਾਂ ਨਾਲੋਂ ਵੱਧ ਹਨ।

ਇਸਤਰੀ ਅਧਿਕਾਰ ਵਿਸ਼ੇਸ਼ ਸਮਾਜਿਕ ਕਾਰਕੁੰਨ ਅਨੀਤਾ ਸ਼ਰਮਾ ਨੇ ਕਿਹਾ ਕਿ ਅੱਜ ਦੇ ਤੇਜ਼ ਰਫ਼ਤਾਰ ਜੀਵਨ ਵਿੱਚ ਮਹਿਲਾਵਾਂ 'ਤੇ ਘਰ ਅਤੇ ਕੰਮ ਦਾ ਦੁੱਗਣਾ ਬੋਝ, ਆਪਣੀ ਸਿਹਤ ਦੀ ਅਣਦੇਖੀ ਅਤੇ ਸਮੇਂ 'ਤੇ ਇਲਾਜ ਨਾ ਕਰਵਾਉਣਾ ਇਹ



ਸਮੱਸਿਆਵਾਂ ਹੋਰ ਵਧਾ ਦਿੰਦੇ ਹਨ।

ਯੋਗ: ਸਿਹਤਮੰਦ ਜੀਵਨ ਦੀ ਸੌਖੀ ਰਾਹ

ਪਤੰਜਲੀ ਯੋਗਪੀਠ ਨਾਲ ਜੁੜੀ ਪ੍ਰਸਿੱਧ ਸਮਾਜਿਕ ਕਾਰਕੁੰਨ ਅਨੀਤਾ ਸ਼ਰਮਾ ਨੇ ਦੱਸਿਆ ਕਿ ਨਿਯਮਿਤ ਯੋਗ ਅਤੇ ਪ੍ਰਾਣਾਯਾਮ ਨਾਲ ਇਨ੍ਹਾਂ ਬਿਮਾਰੀਆਂ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ। ਪਿਛਲੇ 18 ਸਾਲਾਂ ਤੋਂ ਰਖ ਬਾਗ ਵਿੱਚ ਹਰ ਰੋਜ਼ ਸਵੇਰੇ 6:00 ਤੋਂ 7:15 ਵਜੇ ਤੱਕ ਮੁਫ਼ਤ ਯੋਗ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ, ਜਿਨ੍ਹਾਂ ਦਾ ਲਾਭ ਕਈ ਲੋਕ ਲੈ ਰਹੇ ਹਨ।

ਰੋਜ਼ਾਨਾ ਜੀਵਨ ਵਿੱਚ ਅਪਣਾਉਣ ਯੋਗ ਸੁਝਾਅ ਰੋਜ਼ 20-30 ਮਿੰਟ ਯੋਗ ਅਤੇ ਪ੍ਰਾਣਾਯਾਮ

- 30 ਮਿੰਟ ਚੱਲਣਾ ਜਾਂ ਹਲਕਾ ਵਿਆਯਾਮ
- ਸੰਤੁਲਿਤ ਅਤੇ ਪੌਸ਼ਟਿਕ ਖੁਰਾਕ
- ਪ੍ਰਚੁਰ ਪਾਣੀ ਅਤੇ 7-8 ਘੰਟੇ ਨੀਂਦ
- ਮਾਨਸਿਕ ਤਣਾਅ ਘਟਾਉਣ ਲਈ ਧਿਆਨ

ਮਹਿਲਾਵਾਂ ਲਈ ਖਾਸ ਸੰਦੇਸ਼

ਅਨੀਤਾ ਸ਼ਰਮਾ ਨੇ ਕਿਹਾ ਕਿ ਮਹਿਲਾਵਾਂ ਪਰਿਵਾਰ ਦੀ ਨੀਂਹ ਹਨ, ਇਸ ਲਈ ਉਨ੍ਹਾਂ ਦਾ ਸਿਹਤਮੰਦ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਮਹਿਲਾਵਾਂ ਨੂੰ ਆਪਣੀ ਸਿਹਤ ਨੂੰ ਤਰਜੀਹ ਦੇਣ, ਨਿਯਮਿਤ ਜਾਂਚ ਕਰਵਾਉਣ ਅਤੇ ਯੋਗ ਨੂੰ ਜੀਵਨਸ਼ੈਲੀ ਬਣਾਉਣ ਦੀ ਅਪੀਲ ਕੀਤੀ।

ਵਿਸ਼ਵ ਸਿਹਤ ਦਿਵਸ ਤੇ ਵਿਸ਼ੇਸ਼ ਸੁਨ-ੇਹਾ:

"ਸਿਹਤਮੰਦ ਮਹਿਲਾ ਹੀ ਸਿਹਤਮੰਦ ਪਰਿਵਾਰ ਅਤੇ ਮਜ਼ਬੂਤ ਸਮਾਜ ਦੀ ਨੀਂਹ ਹੈ। ਯੋਗ, ਸੰਤੁਲਿਤ ਖੁਰਾਕ ਅਤੇ ਨਿਯਮਿਤ ਜੀਵਨਸ਼ੈਲੀ ਹੀ ਚੰਗੀ ਸਿਹਤ ਦੀ ਕੁੰਜੀ ਹੈ।"

# ਜੇ-ਬਲਾਕ ਵਿਖੇ ਦੁਕਾਨਦਾਰਾਂ ਦੀ ਹੋਈ ਵਿਸ਼ੇਸ਼ ਬੈਠਕ, ਵੱਖ-ਵੱਖ ਮੁੱਦਿਆਂ ਉੱਪਰ ਹੋਇਆ ਵਿਚਾਰ ਵਟਾਂਦਰਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਈ ਰਣਧੀਰ ਸਿੰਘ ਨਗਰ ਦੇ ਇਲਾਕੇ ਜੇ-ਬਲਾਕ ਵਿਖੇ ਦੁਕਾਨਦਾਰਾਂ ਦੀ ਇੱਕ ਮਹੱਤਵਪੂਰਨ ਬੈਠਕ ਹੋਈ । ਇਸ ਮੌਕੇ ਤੇ ਸੁਮੀਤਪਾਲ ਸਿੰਘ ਰਾਜਨ, ਸੋਨੂੰ ਅਰਨੇਜਾ, ਅਮਨਦੀਪ ਸਿੰਘ ਮੋਨੂੰ ਅਤੇ ਰਿਦਮ ਵੀ ਮੌਜੂਦ ਸਨ । ਇਸ ਬੈਠਕ ਵਿੱਚ ਵੱਖ-ਵੱਖ ਮੁੱਦਿਆਂ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ । ਬੈਠਕ ਦੌਰਾਨ ਗੱਲਬਾਤ ਕਰਦਿਆਂ ਰਾਜਨ ਨੇ ਕਿਹਾ ਕਿ ਇੱਕ ਬਿਹਤਰ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣਾ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ ਅਤੇ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨਾ ਅਤਿ ਹੀ ਜ਼ਰੂਰੀ ਹੈ ਅਤੇ ਇਸ ਦੇ ਨਾਲ-ਨਾਲ ਬਿਹਤਰ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ ਤੇ ਹੀ ਯਤਨ ਕਰਨੇ ਚਾਹੀਦੇ ਹਨ ਅਤੇ ਸਮਾਜਿਕ ਬੁਰਾਈਆਂ ਦਾ



ਖਾਤਮਾ ਕਰਨ ਦੇ ਨਾਲ-ਨਾਲ ਨਰੋਏ ਸਮਾਜ ਦੀ ਸਿਰਜਣਾ ਲਈ ਗੰਭੀਰਤਾ ਨਾਲ ਯਤਨ ਕਰਨਾ ਅਤਿ ਜ਼ਰੂਰੀ ਹੈ। ਕਿਉਂਕਿ ਸਮਾਜ ਵਿੱਚ ਫੈਲੇ ਨਸ਼ੇ ਅਤੇ ਹੋਰ ਬੁਰਾਈਆਂ ਗੰਭੀਰ ਅਤੇ ਚਿੰਤਾ ਵਾਲਾ ਵਿਸ਼ਾ ਹੈ । ਇਸ ਲਈ ਨਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ ਤੇ ਯਤਨ ਕਰਨਾ ਅਤਿ ਹੀ ਜ਼ਰੂਰੀ ਹੈ, ਤਾਂਕਿ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਸਾਡਾ ਫ਼ਰਜ਼ ਬਣਦਾ ਹੈ ਕਿ ਸਮਾਜ ਭਲਾਈ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਨਾਲ ਲੋੜਵੰਦਾਂ ਦੀ ਮਦਦ ਵੀ ਕਰੀਏ । ਉਹਨਾਂ ਕਿਹਾ ਕਿ ਨਰੋਏ ਸਮਾਜ ਦੀ ਸਿਰ-ਜਣਾ ਕਰਨਾ ਕਿਸੇ ਇੱਕ ਇਕੱਲੇ ਵਿਅਕਤੀ ਦਾ ਕੰਮ ਨਹੀਂ ਹੈ, ਸਾਨੂੰ ਸਾਰਿਆਂ ਨੂੰ ਸਾਂਝੇ ਤੌਰ ਤੇ ਇਕਜੁੱਟ ਹੋ ਕੇ ਯਤਨ ਕਰਨੇ ਚਾਹੀਦੇ ਹਨ ।

# ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡ ਰੱਕੜਾਂ ਢਾਹਾ ਵਿਖੇ 'ਜਨ ਸੰਵਾਦ'; ਮਾਨ ਸਰਕਾਰ ਦੇ 4 ਸਾਲਾਂ ਦੀਆਂ ਪ੍ਰਾਪਤੀਆਂ ਲੋਕਾਂ ਨਾਲ ਕੀਤੀਆਂ ਸਾਂਝੀਆਂ

**ਬਲਾਚੌਰ, 7 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ ):**ਹਲਕਾ ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਸਫਲ ਕਾਰਜਕਾਲ ਨੂੰ ਸਮਰਪਿਤ ਪਿੰਡ ਰੱਕੜਾਂ ਢਾਹਾ ਵਿਖੇ ਇੱਕ ਵਿਸ਼ੇਸ਼ 'ਜਨ ਸੰਵਾਦ' ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣਨਾ ਅਤੇ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਬਾਰੇ ਜਾਣਕਾਰੀ ਦੇਣਾ ਸੀ।ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਕਟਾਰੀਆ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਮਾਨ ਸਰਕਾਰ ਨੇ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ। ਸੂਬੇ ਦੇ ਲਗਭਗ 90 ਫੀਸਦੀ ਲੋਕਾਂ ਨੂੰ ਜ਼ੀਰੋ ਬਿਜਲੀ ਬਿੱਲ ਦਾ ਸਿੱਧਾ ਲਾਭ ਮਿਲ ਰਿਹਾ ਹੈ।ਹਜ਼ਾਰਾਂ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫ਼ਾਰਸ਼ ਜਾਂ ਰਿਸ਼ਵਤ ਦੇ ਪਾਰਦਰਸ਼ੀ ਤਰੀਕੇ ਨਾਲ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ।

ਆਮ ਆਦਮੀ ਕਲੀਨਿਕ ਅਤੇ 'ਸਕੂਲ ਆਫ਼ ਐਮੀਨੈਂਸ' ਰਾਹੀਂ




ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰੀ ਸਹੂਲਤਾਂ ਦਿੱਤੀਆਂ ਜਾ ਰਹੀਆਂ

ਜਨ ਸੰਵਾਦ ਦੌਰਾਨ ਪਿੰਡ ਵਾਸੀਆਂ ਨੇ ਪਿੰਡ ਦੇ ਵਿਕਾਸ ਸਬੰਧੀ ਆਪਣੀਆਂ ਮੰਗਾਂ ਵਿਧਾਇਕਾ ਅੱਗੇ ਰੱਖੀਆਂ। ਵਿਧਾਇਕਾ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਨ੍ਹਾਂ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਪਿੰਡ ਦੀ ਪੰਚਾਇਤ, ਪਾਰਟੀ ਵਰਕਰ ਅਤੇ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਵਿਧਾਇਕਾ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਨਿੱਜੀ ਤੌਰ 'ਤੇ ਸੁਣਨ ਅਤੇ ਹੱਲ ਕਰਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਸਿਹਤ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਹੈ: ਬਾਗੀ ਅਤੇ ਗਰਚਾ





**ਬੰਗਾ, 7 ਅਪ੍ਰੈਲ( ਚਰਨਜੀਤ ਸੱਲ੍ਹਾਂ)-** ਵਰਲਡ ਹੈਲਥ ਡੇ ਦੇ ਮੌਕੇ ‘ਤੇ ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਇਲਾਕੇ ਦੇ ਨਿਵਾਸੀਆਂ ਲਈ ਸਿਹਤ ਸੰਬੰਧੀ ਜਾਗਰੂਕਤਾ ਸੰਦੇਸ਼ ਜਾਰੀ ਕੀਤਾ ਗਿਆ। ਇਸ ਸਬੰਧੀ ਕਲੱਬ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ ਅਤੇ ਸੀਨੀਅਰ ਵਾਈਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਸਿਹਤ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਹੈ ਅਤੇ ਇਸਦੀ ਸੰਭਾਲ ਹਰ ਇਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਜੀਵਨ ਦੀ ਦੌੜ-ਭੱਜ ਵਿੱਚ ਲੋਕ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਜਿਸ ਕਾਰਨ ਕਈ ਬਿਮਾਰੀਆਂ ਵੱਧ ਰਹੀਆਂ ਹਨ, ਇਸ ਲਈ ਹਰ ਵਿਅਕਤੀ ਨੂੰ ਸੰਤੁਲਿਤ ਖੁਰਾਕ, ਨਿਯਮਿਤ ਵਰਜ਼ਿਸ਼, ਸਾਫ਼-ਸੁਥਰਾ ਵਾਤਾਵਰਣ ਅਤੇ ਸਮੇਂ-ਸਮੇਂ ‘ਤੇ ਡਾਕਟਰੀ ਜਾਂਚ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੰਦਿਆਂ ਕਿਹਾ ਕਿ ਤਣਾਅ ਤੋਂ ਦੂਰ ਰਹਿਣਾ, ਪੂਰੀ ਨੀਂਦ ਲੈਣਾ ਅਤੇ ਸਕਾਰਾਤਮਕ ਸੋਚ ਅਪਣਾਉਣੀ ਲਾਜ਼ਮੀ ਹੈ, ਨਾਲ ਹੀ ਨਸ਼ਿਆਂ ਤੋਂ ਦੂਰ ਰਹਿਣ, ਸਾਫ਼ ਪਾਣੀ ਦੀ ਵਰਤੋਂ ਅਤੇ ਸਫ਼ਾਈ ਦੀਆਂ ਆਦਤਾਂ ਨੂੰ ਅਪਣਾਉਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਅੰਤ ਵਿੱਚ ਉਨ੍ਹਾਂ ਨੇ ਸਮੂਹ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਦਾ ਧਿਆਨ ਰੱਖਣ ਦੇ ਨਾਲ-ਨਾਲ ਹੋਰਾਂ ਨੂੰ ਵੀ ਸਿਹਤਮੰਦ ਜੀਵਨ ਜੀਊਣ ਲਈ ਪ੍ਰੇਰਿਤ ਕਰਨ, ਤਾਂ ਜੋ ਇੱਕ ਤੰਦਰੁਸਤ ਅਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

# ਗੋਡਲਮੈਡਲਿਸਟ ਮਿਸ਼ਨਰੀ ਗਾਇਕ ਰਾਜ ਦਦਰਾਲ ਗ੍ਰੀਸ ਯੌਰਪ ਵਿਖੇ ਪਹੁੰਚੇ

**ਬੰਗਾ( ਚਰਨਜੀਤ ਸੱਲ੍ਹਾਂ )**ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ,ਭਾਰਤ ਰਤਨ ਡਾ.ਬੀ.ਆਰ.ਅੰਬੇਡਕਰ ਸਾਹਿਬ ਜੀ,ਯੁੱਗ ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ,ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਅਤੇ ਬਹੁਜਨ ਸਮਾਜ ਪਾਰਟੀ ਅਤੇ ਰਵਿਦਾਸੀਆ ਧਰਮ ਤੇ ਸ਼ੈਂਕੜੇ ਕ੍ਰਾਂਤੀਕਾਰੀ ਗੀਤ ਗਾਉਣ ਵਾਲੇ ਮਿਸ਼ਨਰੀ ਗਾਇਕ ਰਾਜ ਦਦਰਾਲ ਜੀ ਸ੍ਰੀ ਗੁਰੂ ਰਵਿਦਾਸ ਭਵਨ ਸੀਮਾਧਾਰੀ ਗ੍ਰੀਸ ਦੀ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਗ੍ਰੀਸ ਵਿਖੇ ਪਹੁੰਚ ਚੁੱਕੇ ਹਨ ਜਿੰਨਾਂ ਦਾ ਅਪ੍ਰੈਲ 26 ਤਰੀਕ ਪੂਰੇ ਯੌਰਪ ਦਾ ਟੂਰ ਹੈ ਅੱਜ ਐਥਨਜ਼ ਏਅਰਪੋਰਟ ਤੋਂ ਮਿਸ਼ਨਰੀ ਗਾਇਕ ਰਾਜ ਦਦਰਾਲ ਦਾ ਸਵਾਗਤ ਕਰਨ ਲਈ ਪਹੁੰਚੇ ਹਨ ਛੋਟੇ ਭਰਾ ਹੁਸਨ ਲਾਲ ਦਦਰਾਲ,ਬਾਵਾ ਜੀ ਗੁਰੂ ਘਰ ਦੇ ਸੇਵਾਦਾਰ,ਪ੍ਰਸਿੱਧ ਗੀਤਕਾਰ ਬਿੱਲਾ ਬੰਸੀਆਂ ਵਾਲਾ,ਲਵਪ੍ਰੀਤ ਮੈਗੜਾ ਪਰਦੀਪ ਸਿੰਘ,ਕਮਲਜੀਤ ਸਿੰਘ ਅਤੇ ਮੋਹਿਤ ਦਦਰਾਲ ਹਾਜ਼ਰ ਸਨ ਸ੍ਰੀ ਰਾਜ ਦਦਰਾਲ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਜਿਨ੍ਹਾਂ ਵੱਲੋਂ ਤਿੰਨ ਪ੍ਰੋਗਰਾਮ ਗ੍ਰੀਸ ਦੇ ਗੁਰੂ ਘਰਾਂ ਵਿੱਚ ਕੀਤੇ ਜਾਣੇ ਹਨ ਜਿੰਨਾ ਵਿੱਚ



ਸ੍ਰੀ ਗੁਰੂ ਰਵਿਦਾਸ ਭਵਨ ਸੀਮਾਧਾਰੀ,ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਦਰਵਾਰ ਕਰੌਪੀ ਅਤੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਦਰਵਾਰ ਪਸ਼ਗਨਾ ਬਾਕੀ ਜਰਮਨ ਇੱਟਲੀ ਸਪੇਨ ਵਿਖੇ ਵੀ ਹਾਜ਼ਰੀ ਲਗਵਾਈ ਜਾਵੇਗੀ ਮਿਸ਼ਨਰੀ ਗਾਇਕ ਰਾਜ ਦਦਰਾਲ ਪਹਿਲਾਂ



ਅੱਠ ਵਾਰ ਕਨੇਡਾ ਅਤੇ ਇੱਕ ਵਾਰ ਯੌਰਪ ਦਾ ਟੂਰ ਲਾ ਚੁੱਕੇ ਹਨ ਜਿਨ੍ਹਾਂ ਨੂੰ ਸੰਗਤਾਂ ਵੱਲੋਂ ਬਹੁਤ ਜ਼ਿਆਦਾ ਮਾਣ-ਸਨਮਾਨ ਮਿਲ ਰਿਹਾ ਹੈ ਗੁਰੂ ਮਹਾਰਾਜ ਜੀ ਦਦਰਾਲ ਜੀ ਨੂੰ ਤੰਦਰੁਸਤੀ ਦੇਣ ਜੋ ਅੱਗੇ ਤੋਂ ਵੀ ਆਪਣੇ ਗੀਤਾਂ ਰਾਹੀਂ ਰਹਿਬਰਾਂ ਦੇ ਮਿਸ਼ਨ ਤੇ ਕ੍ਰਾਂਤੀਕਾਰੀ ਗੀਤ ਲੈਕੇ ਹਾਜ਼ਰ ਹੁੰਦੇ ਰਹਿਣ ਜੀ।

# ਸਿਵਲ ਸਰਜਨ ਡਾ. ਮਨਦੀਪ ਕਮਲ ਵੱਲੋਂ ਵਿਸ਼ਵ ਹੈਲਥ ਦਿਵਸ ਤੇ ਵਿਸ਼ੇਸ਼ ਸੰਦੇਸ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਡਾ. ਮਨਦੀਪ ਕਮਲ ਵੱਲੋਂ ਮਿਤੀ 7 ਅਪ੍ਰੈਲ 2026 ਨੂੰ ਮਨਾਏ ਜਾਣ ਵਾਲੇ ਵਿਸ਼ਵ ਹੈਲਥ ਦਿਵਸ ਮੌਕੇ ਜ਼ਿਲ੍ਹਾ ਵਾਸੀਆਂ ਨਾਲ ਮਹੱਤਵਪੂਰਨ ਸਿਹਤ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹਰ ਸਾਲ 7 ਅਪ੍ਰੈਲ ਨੂੰ ਵਿਸ਼ਵ ਪੱਧਰ 'ਤੇ ਵਿਸ਼ਵ ਹੈਲਥ ਦਿਵਸ ਮਨਾਇਆ ਜਾਂਦਾ ਹੈ। ਜਿਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਸਿਹਤਮੰਦ ਸਮਾਜ ਦੀ ਸਥਾਪਨਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਵਿਸ਼ਵ ਹੈਲਥ ਦਿਵਸ ਦਾ ਥੀਮ "ਠੋਗਇਟਹਏਰ ਡੋਰ ੍ਹਏਓਲਟਹ - ਸ਼ਟਓਨਦ ਿਟਹ ਸ਼ਚਿਏਨਚਏ" (ਇਕੱਠੇ ਸਿਹਤ ਲਈ — ਵਿਗਿਆਨ ਨਾਲ ਖੜ੍ਹੇ ਹੋਵੋ)** ਰੱਖਿਆ



ਗਿਆ ਹੈ। ਜਿਸ ਦਾ ਮਕਸਦ ਲੋਕਾਂ ਨੂੰ ਵਿਗਿਆਨਕ ਤਰੀਕਿਆਂ ਅਤੇ ਸਹੀ ਜਾਣਕਾਰੀ ਦੇ ਆਧਾਰ 'ਤੇ ਸਿਹਤ ਸੰਬੰਧੀ ਫੈਸਲੇ ਲੈਣ ਲਈ ਪ੍ਰੇਰਿਤ ਕਰਨਾ ਹੈ। ਸਿਵਲ ਸਰਜਨ ਨੇ ਕਿਹਾ ਕਿ ਚੰਗੀ ਸਿਹਤ ਲਈ ਸੰਤੁਲਿਤ ਅਤੇ ਪੋਸ਼ਟਿਕ ਖੁਰਾਕ ਬਹੁਤ ਜ਼ਰੂਰੀ ਹੈ। ਰੋਜ਼ਾਨਾ ਭੋਜਨ ਵਿੱਚ ਹਰੀ ਸਬਜ਼ੀਆਂ, ਫਲ, ਦਾਲਾਂ, ਦੁੱਧ ਅਤੇ ਅਨਾਜ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਜੰਕ ਫੂਡ, ਤੇਲੀਆਂ ਅਤੇ ਮਿੱਠੀਆਂ ਚੀਜ਼ਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰੋਜ਼ ਘੱਟੋ-ਘੱਟ 30 ਮਿੰਟ ਕਸਰਤ ਜਾਂ ਤੁਰਨਾ ਸਰੀਰ ਨੂੰ ਤੰਦਰੁਸਤ ਰੱਖਣ ਲਈ ਬਹੁਤ ਲਾਭਕਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵਿਅਕਤੀਗਤ ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਵੇ, ਜਿਵੇਂ ਕਿ ਸਾਬਣ ਨਾਲ ਹੱਥ ਧੋਣੇ, ਸਾਫ਼ ਪਾਣੀ ਦੀ ਵਰਤੋਂ ਕਰਨੀ ਅਤੇ ਘਰ ਅਤੇ ਆਸ-ਪਾਸ ਸਫ਼ਾਈ ਬਣਾਈ ਰੱਖਣੀ। ਉਨ੍ਹਾਂ ਦੱਸਿਆ ਕਿ ਸਾਫ਼ ਪੀਣ ਵਾਲਾ ਪਾਣੀ ਅਤੇ ਸਹੀ ਸੈਨਿਟੇਸ਼ਨ ਕਈ ਬਿਮਾਰੀਆਂ ਤੋਂ ਬਚਾਅ ਵਿੱਚ ਮਦਦਗਾਰ ਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਤੰਬਾਕੂ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਅਤੇ ਦੱਸਿਆ ਕਿ ਤੰਬਾਕੂ ਦੀ ਵਰਤੋਂ ਕਈ ਗੰਭੀਰ ਬਿਮਾਰੀਆਂ ਜਿਵੇਂ ਕਿ ਕੈਂਸਰ, ਦਿਲ ਦੀ ਬਿਮਾਰੀ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਬਣਦੀ ਹੈ।

# "ਮੇਰਾ ਘਰ ਮੇਰੇ ਨਾਮ" ਸਕੀਮ ਤਹਿਤ 226 ਘਰਾਂ ਦੇ ਪਰਿਵਾਰਾਂ ਨੂੰ ਮਿਲੇ ਮਾਲਕੀ ਦੇ ਅਧਿਕਾਰ

## ਡਾ. ਸੁੱਖੀ ਨੇ ਸੰਬੋਧਨ ਕਰਦਿਆਂ ਦੱਸਿਆ ਗਿਆ ਕਿ "ਮੇਰਾ ਘਰ ਮੇਰੇ ਨਾਮ" ਯੋਜਨਾ ਨਾਲ ਲਾਭਪਾਤਰੀਆਂ ਨੂੰ ਆਪਣੇ ਘਰਾਂ ਦਾ ਪੂਰਾ ਕਾਨੂੰਨੀ ਮਾਲਕੀ ਹੱਕ ਮਿਲ ਗਈ ਹੈ

**ਬੰਗਾ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀ "ਮੇਰਾ ਘਰ ਮੇਰੇ ਨਾਮ" ਯੋਜਨਾ ਤਹਿਤ ਵਿਧਾਇਕ ਹਲਕਾ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਬੰਗਾ ਦੇ ਪਿੰਡ ਅਟਾਰੀ ਵਿੱਚ 226 ਘਰਾਂ ਦੇ ਪਰਿਵਾਰਾਂ ਦੇ ਲਾਭਪਾਤਰੀਆਂ ਨੂੰ ਉਹਨਾਂ ਦੇ ਘਰਾਂ ਦੇ ਮਾਲਕਾਨਾ ਹੱਕਾਂ ਦੇ ਸਰਟੀਫਿਕੇਟ ਸੌਂਪੇ ਗਏ। ਡਾ. ਸੁੱਖੀ ਨੇ ਸੰਬੋਧਨ ਕਰਦਿਆਂ ਦੱਸਿਆ ਗਿਆ ਕਿ "ਮੇਰਾ ਘਰ ਮੇਰੇ ਨਾਮ" ਯੋਜਨਾ ਨਾਲ ਲਾਭਪਾਤਰੀਆਂ ਨੂੰ ਆਪਣੇ ਘਰਾਂ ਦਾ ਪੂਰਾ ਕਾਨੂੰਨੀ ਮਾਲਕੀ ਹੱਕ ਮਿਲ ਗਿਆ ਹੈ। ਹੁਣ ਉਹ ਆਪਣੀ ਜਾਇਦਾਦ ਦੇ ਆਧਾਰ 'ਤੇ ਬੈਂਕਾਂ ਤੋਂ ਲੋਨ ਲੈ ਸਕਣਗੇ, ਆਪਣੇ ਘਰਾਂ ਨੂੰ ਗਿਰਵੀ ਰੱਖ ਕੇ ਆਰਥਿਕ ਸਹਾਇਤਾ ਪ੍ਰਾਪਤ ਕਰ ਸਕਣਗੇ ਅਤੇ ਆਪਣੇ ਜੀਵਨ ਪੱਧਰ ਨੂੰ ਹੋਰ ਸੁਧਾਰ ਸਕਣਗੇ। ਇਸ ਨਾਲ ਉਹਨਾਂ ਨੂੰ ਸਿਰਫ਼ ਸੁਰੱਖਿਆ ਹੀ ਨਹੀਂ ਮਿਲੇਗੀ, ਸਗੋਂ ਉਹ ਆਪਣੇ ਸੰਪਤੀ ਹੱਕ ਨੂੰ ਹੋਰ ਵੱਖ-ਵੱਖ ਤਰੀਕਿਆਂ ਨਾਲ ਵੀ ਵਰਤ ਸਕਣਗੇ। ਇਸ ਯੋਜਨਾ ਨਾਲ ਗਰੀਬ ਅਤੇ ਜਰੂਰਤਮੰਦ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੀ ਹੈ ਅਤੇ ਉਹਨਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਵਿੱਚ ਵੀ ਮਜ਼ਬੂਤੀ ਆਏਗੀ। ਪਿੰਡ ਵਾਸੀਆਂ ਵੱਲੋਂ ਇਸ ਉਪਰਾਲੇ ਦੀ ਖੂਬ ਸਰਾਹਨਾ ਕੀਤੀ ਗਈ ਅਤੇ ਇਸ ਨੂੰ ਲੋਕ-ਹਿਤੈਸ਼ੀ ਕਦਮ ਕਰਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ



ਪਹਿਲਕਦਮੀ ਲੰਬੇ ਸਮੇਂ ਤੋਂ ਚੱਲ ਰਹੇ ਜਾਇਦਾਦ ਮਾਲਕੀ ਦੇ ਮੁੱਦਿਆਂ ਨੂੰ ਹੱਲ ਕਰਦੀ ਹੈ, ਜਿਸ ਨਾਲ ਲਾਲ ਲਕੀਰ ਨਿਵਾਸੀਆਂ ਨੂੰ ਮਾਲਕੀ ਦੇ ਕਾਨੂੰਨੀ ਅਧਿਕਾਰ ਮਿਲਦੇ ਹਨ। ਇਸ ਮੌਕੇ 'ਤੇ ਐਸ.ਡੀ.ਐੱਮ ਬੰਗਾ ਵਿਪਿਨ ਭੰਡਾਰੀ, ਨਾਇਬ ਤਹਿਸੀਲਦਾਰ ਲਵਪ੍ਰੀਤ ਸਿੰਘ, ਬੀ.ਡੀ.ਪੀ.ਓ ਬੰਗਾ ਆਦੇਸ਼, ਮੈਂਬਰ ਜਿਲਾ ਪਰਿਸ਼ਦ ਸ਼੍ਰੀ ਸੋਹਣ ਲਾਲ ਢੰਡਾ, ਪਵਨਜੀਤ ਸਿੰਘ ਸਿੱਧੂ ਹਲਕਾ ਸੰਗਠਨ ਇੰਚਾਰਜ, ਪਟਵਾਰੀ ਜਗਤਪਾਲ ਸਿੰਘ, ਏ.ਐਸ.ਐਮ ਜੈ ਗੋਪਾਲ ਰਾਣਾ, ਰਘਵੀਰ ਸਿੰਘ ਸਰਪੰਚ ਅਟਾਰੀ, ਪ੍ਰਭਜੋਤ ਸਿੰਘ ਰੀਡਰ ਤਹਿਸੀਲਦਾਰ, ਰਵਿੰਦਰ ਸਿੰਘ, ਕਮਲਜੀਤ ਸਿੰਘ ਮੇਹਲੀ, ਗੁਰਮੇਲ ਸਿੰਘ ਸਾਹਲੋਂ ਅਤੇ ਹੋਰ ਵੀ ਪਿੰਡ ਦੇ ਪਤਵੰਤੇ ਸੱਜਣ ਹਾਜਰ ਸਨ।

## ਪਿੰਡ ਤੂਰਾਂ ਵਿਖੇ ਆਯੂਸ਼ ਵਿਭਾਗ ਵਲੋਂ ਫਰੀ ਹੋਮੀਪੈਥਿਕ ਕੈਂਪ ਆਯੋਜਿਤ




**ਫਿਲੌਰ/ਅੱਪਰਾ, 7 ਅਪ੍ਰੈਲ (ਦੀਪਾ)**-ਕਰੀਬੀ ਪਿੰਡ ਤੂਰਾਂ ਵਿਖੇ ਪੰਜਾਬ ਸਿਹਤ ਵਿਭਾਗ ਦੇ ਆਯੂਸ਼ ਵਿਭਾਗ ਵਲੋਂ ਡਾ. ਹੈਨੀਮਨ ਦੇ 271ਵੇਂ ਦਿਨ ਮੌਕੇ ਫਰੀ ਹੋਮੀਪੈਥਿਕ ਕੈਂਪ ਆਯੋਜਿਤ ਕੀਤਾ ਗਿਆ । ਉਕਤ ਕੈਂਪ ਡਾ. ਅੰਕਿਤ ਮਹਿਤਾ ਐਚ ਐਮ ਓ ਸਮਰਾੜੀ ਤੇ ਡਾ. ਸ਼ਮਾ ਸੁਮਨ ਐੱਚ. ਐੱਮ. ਓ ਫਿਲੌਰ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਜਨਕ ਰਾਜ (ਡਿਸਪੈਂਸਰ) ਤੇ ਸ੍ਰੀ ਮਨੀਸ਼ ਕੁਮਾਰ ਵਲੋਂ 428 ਮਰੀਜ਼ਾਂ ਦੀ ਫਰੀ ਜਾਂਚ ਕੀਤੀ ਗਈ ਤੇ ਫਰੀ ਦਵਾਈਆਂ ਦਿੱਤੀਆਂ ਗਈਆਂ । ਇਸ ਮੌਕੇ ਹੋਮੀਓਪੈਥਿਕ ਦਵਾਈਆਂ ਬਾਰੇ ਜਾਗਰੂਕ ਵੀ ਕੀਤਾ ਗਿਆ । ਇਸ ਮੌਕੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ ।

## ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਸਾਲਾਨਾ 'ਸਨਮਾਨ ਸਮਾਹੋਰ' ਕਰਵਾਇਆ ਗਿਆ




**ਫਿਲੌਰ/ਅੱਪਰਾ, 7 ਅਪ੍ਰੈਲ (ਦੀਪਾ)**-ਸਥਾਨਕ ਨਗਰ-ਫਿਲੌਰ ਰੋਡ 'ਤੇ ਸਥਿਤ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਸਕੂਲ ਦੇ ਪ੍ਰਿੰਸੀਪਲ ਕੁਰਨੇਸ਼ ਨੰਦਾ ਤੇ ਡਾਇਰੈਕਟਰ ਸੰਦੀਪ ਰਾਣਾ ਦੀ ਅਗਵਾਈ ਹੇਠ ਸਾਲਾਨਾ 'ਸਨਮਾਨ ਸਮਾਹੋਰ' ਕਰਵਾਇਆ ਗਿਆ । ਇਸ ਮੌਕੇ ਚੌਧਰੀ ਵਿਕਰਮਜੀਤ ਸਿੰਘ ਹਲਕਾ ਵਿਧਾਇਕ ਫਿਲੌਰ ਮੁੱਖ ਮਹਿਮਾਨ ਵਲੋਂ ਹਾਜ਼ਰ ਹੋਏ । ਇਸ ਮੌਕੇ ਸੰਸਥਾ ਦੇ ਸੰਸਥਾਪਕ ਸ੍ਰੀਮਤੀ ਸ਼ਕੁੰਤਲਾ ਦੇਵੀ ਪਤਨੀ ਸਵ. ਜਰਨੈਲ ਰਾਣਾ, ਸ੍ਰੀਮਤੀ ਅਨੀਤਾ ਦੇਵੀ, ਪ੍ਰਿੰਸੀਪਲ ਰਾਈਜਿੰਗ ਸਟਾਰ ਇੰਟਰਨੈਸ਼ਲਨ ਸਕੂਲ ਬਖਲੌਰ, ਸ੍ਰੀਮਾਨ ਦੀਪਕ ਰਾਣਾ ਪ੍ਰਿੰਸੀਪਲ ਸੇਂਟ ਜੋਸਫ਼ ਸਕੂਲ ਝਿੰਗੜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ । ਸਮਾਰੋਹ ਦਾ ਉਦਘਾਟਨ ਸੰਸਥਾ ਦੇ ਪ੍ਰਿੰਸੀਪਲ ਸੰਦੀਪ ਰਾਣਾ ਵਲੋਂ ਵਿਦਿਆਰਥੀਆਂ ਦੇ 'ਸਵਾਗਤਮ' ਤੇ 'ਸਰਸਵਤੀ ਵੰਦਨਾ' ਗੀਤ ਰਾਹੀਂ ਕੀਤਾ ਗਿਆ । ਇਸ ਮੌਕੇ ਵੱਖ ਵੱਖ ਕਲਾਸਾਂ ਦੇ ਵਿਦਿਆਰਥੀਆਂ ਦੁਆਰਾ, ਧਾਰਮਿਕ, ਸੱਭਿਆਚਰਕ ਤੇ ਇਨਕਲਾਬੀ ਝਲਕਾਂ ਪੇਸ਼ ਕੀਤੀਆਂ ਗਈਆਂ । ਇਸ ਮੌਕੇ ਵਿਦਿਆਰਥਣਾਂ ਨੇ ਪੰਜਾਬ ਲੋਕ ਨਾਚ ਤੇ ਲੋਕ ਬੋਲੀਆਂ ਵੀ ਪੇਸ਼ ਕੀਤੀਆਂ । ਇਸ ਮੌਕੇ ਸਕੂਲ ਦੀ ਐਡਮਿਨ ਸ੍ਰੀਮਤੀ ਅਮਨਦੀਪ ਕੌਰ, ਸ੍ਰੀਮਤੀ ਚੰਦਨ ਰੇਖਾ, ਰਮਨ, ਪ੍ਰੀਤੀ, ਮਨਪ੍ਰੀਤ ਕੌਰ, ਮਨਦੀਪ ਕੌਰ, ਹਰਜੀਤ ਮਨਪ੍ਰੀਤ ਕੌਰ ਟਾਂਡਾ, ਸੋਨੀਆ, ਮਮਤਾ, ਮਨੀਸ਼ਾ, ਸੀਮਾ, ਸਤਵਿੰਦਰ ਕੁਮਾਰ, ਪਰਮਜੀਤ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ ।

## ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਕਰਵਾਏ ਜਾ ਰਹੇ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਜੋਰਾਂ-ਸ਼ੋਰਾ 'ਤੇ : ਸੰਤ ਸਰਵਣ ਦਾਸ,ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ / ਸ਼੍ਰੀ ਖੁਰਾਲਗੜ੍ਹ ਸਾਹਿਬ ( ਤਰਸੇਮ ਦੀਵਾਨਾ )** - ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਜੀ ਦੀ ਅਗਵਾਈ ਹੇਠ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 12 ਅਪ੍ਰੈਲ ਤੋਂ 14 ਅਪ੍ਰੈਲ ਤੱਕ ਕਰਵਾਏ ਜਾ ਰਹੇ ਵਿਸ਼ਾਲ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਪੂਰੇ ਜ਼ੋਰ- ਸ਼ੋਰ ਨਾਲ ਚੱਲ ਰਹੀਆਂ ਹਨ। ਸੰਤ ਸਤਵਿੰਦਰ ਹੀਰਾ ਅਤੇ ਸੰਤ ਸਰਵਣ ਦਾਸ ਸਲੇਮ ਟਾਵਰੀ ਵਾਲਿਆਂ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਮਾਗਮ 12 ਅਪ੍ਰੈਲ ਨੂੰ ਆਰੰਭ ਹੋ ਕੇ 14 ਅਪ੍ਰੈਲ ਤੱਕ ਚੱਲੇਗਾ। ਅਤੇ ਸੰਗਤਾਂ ਦੇ ਰਹਿਣ, ਖਾਣ-ਪੀਣ ਅਤੇ ਬੈਠਣ ਲਈ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ। ਪੂਰੇ ਅਸਥਾਨ ਨੂੰ ਸੁੰਦਰ ਢੰਗ ਨਾਲ ਸਜਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕੀ ਵੱਖ-ਵੱਖ



ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਸੇਵਾਦਾਰ ਦਿਨ-ਰਾਤ ਤਿਆਰੀਆਂ ਵਿੱਚ ਜੁਟੇ ਹੋਏ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਸੰਤ ਸਰਵਣ ਦਾਸ ਜੀ ਅਤੇ ਸੰਤ ਸਤਵਿੰਦਰ ਹੀਰਾ ਜੀ ਨੇ ਦੱਸਿਆ ਕਿ ਇਹ ਅਸਥਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਅਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮ-ਸਤਕ ਹੋਣ ਲਈ ਪਹੁੰਚਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਸਮੂਹ ਸੰਗਤਾਂ ਇਸ ਮੌਕੇ ਵਧ-ਚੜ੍ਹ ਕੇ ਹੁੰਮ-ਹੁਮਾ ਕੇ ਪਹੁੰਚਣ ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਉਹਨਾ ਕਿਹਾ ਕਿ ਸਾਡਾ ਮਕਸਦ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਅਤੇ ਬਾਣੀ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ। ਸਮਾਗਮ ਦੌਰਾਨ ਵੱਖ-ਵੱਖ ਰਾਗੀ, ਢਾਡੀ ਅਤੇ ਪ੍ਰਚਾਰਕ ਸੰਗਤਾਂ ਨੂੰ ਗੁਰੂਆ ਦੇ ਇਤਿਹ-ਾਸ ਨਾਲ ਜੋੜਨਗੇ। ਉਹਨਾਂ ਦੱਸਿਆ ਕਿ ਪ੍ਰਸ਼ਾਸਨ ਦੇ ਸਹਿਯੋਗ ਨਾਲ ਟ੍ਰੈਫਿਕ ਅਤੇ ਸੁਰੱਖਿਆ ਦੇ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਬੀ ਜੇ ਪੀ ਦੇ ਜਿਲ੍ਹਾਂ ਕਿਸਾਨ ਵਿੰਗ ਦੇ ਪ੍ਰਧਾਨ ਸੀਨੀਅਰ ਆਗੂ ਸ਼ਿਵ ਸ਼ਰਮਾ ਲਾਪਤਾ

- **ਰੋਪੜ੍ਹ ਸਟੇਡੀਅਮ ਦੇ ਨਜ਼ਦੀਕ ਨਹਿਰ ਕੋਲੋਂ ਮੋਟਰਸਾਈਕਿਲ, ਪਰਸ ਤੇ ਹੋਰ ਸਮਾਨ ਮਿਲਿਆ**
- **ਪੁਲਿਸ ਗੋਤਾਖੋਰਾਂ ਦੀ ਲੈ ਰਹੀ ਮਦਦ,ਨਹਿਰ 'ਚ ਪਾਣੀ ਦਾ ਪੱਧਰ ਸੀਮਿਤ**
- **ਅਜੇ ਤੱਕ ਮਿਲਿਆ ਕੋਈ ਸੁਰਾਗ, ਪੁਲਿਸ ਵੱਲੋਂ ਹਰ ਐਂਗਲ ਤੇ ਕੀਤੀ ਜਾ ਰਹੀ ਜਾਂਚ**

**ਨਵਾਂਸ਼ਹਿਰ /ਕਾਠਗੜ੍ਹ 7 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )**- ਬੀ ਜੇ ਪੀ ਦੇ ਕਿਸਾਨ ਵਿੰਗ ਦੇ ਜਿਲ੍ਹਾਂ ਪ੍ਰਧਾਨ ਅਤੇ ਭਾਜਪਾ ਦੇ ਸੀਨੀਅਰ ਨੇਤਾ ਸ਼ਿਵ ਕੁਮਾਰ ਸ਼ਰਮਾ ਵਾਸੀ ਪਨਿਆਲੀ ਥਾਣਾ ਕਾਠਗੜ੍ਹ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਕੱਲ ਦੇਰ ਸ਼ਾਮ ਤੱਕ ਘਰ ਨਹੀ ਪਹੁੰਚੇ । ਜਿਸ ਨਾਲ ਪਰਿਵਾਰਕ ਮੈਬਰ ਕਾਫੀ ਚਿੰਤਿਤ ਸਨ ਉਨ੍ਹਾਂ ਨੇ ਆਪਣੇ ਤੌਰ ਤੇ ਆਪਣੇ ਰਿਸ਼ਤੇਦਾਰਾ, ਸਕੇ ਸਬੰਧੀਆਂ ਵਿੱਚ ਪੁੱਛ ਪੜ੍ਹਤਾਲ ਕੀਤੀ ਲੇਕਿਨ ਕੋਈ ਪਤਾ ਨਹੀ ਚੱਲਿਆ । ਜਦ ਕਿ ਉਨ੍ਹਾਂ ਦਾ ਮੋਟਰਸਾਈਕਿਲ ਰੋਪੜ੍ਹ ਸਟੇਡੀਅਮ ਦੀ ਪਿੱਛੇ ਨਹਿਰ ਪਾਸ ਮਿਲਿਆਂ । ਜਿੱਥੇ ਉਨ੍ਹਾਂ ਦਾ ਪਰਸ ਅਤੇ ਕਾਗਜ਼ਾਤ ਪੁਲਿਸ ਨੇ ਬਰਾਮਦ ਕੀਤੇ ਹਨ । ਜਦਕਿ ਉਨ੍ਹਾਂ ਦਾ ਅਤੇ ਤੱਕ ਕੋਈ ਪਤਾ ਨਹੀ ਚੱਲ ਸਕਿਆ । ਜਦਕਿ ਪੁਲਿਸ ਹਰ ਐਂਗਲ ਤੋਂ ਜਾਂਚ ਵਿੱਚ ਜੁਟੀ ਹੋਈ ਹੈ ।ਜਦੋਂ ਇਸ ਸਬੰਧੀ ਥਾਣਾ ਸਿਟੀ ਰੋਪੜ੍ਹ ਐਸ ਐਚ ਓ ਇੰਸਪੈਕਟਰ ਪਵਨ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਨਹਿਰ ਵਿੱਚ ਪਾਣੀ ਦਾ ਪੱਧਰ ਵੀ ਬਹੁਤ ਜ਼ਿਆਦਾ ਨਹੀ ਜਿਸ ਵਿੱਚ ਸ਼ਿਵ ਸ਼ਰਮਾ ਦੇ ਡੁੱਬਣ ਦੀ ਪੁਸ਼ਟੀ ਵੀ ਨਹੀ ਕੀਤੀ ਜਾ ਸਕਦੀ ਜਦਕਿ ਪੁਲਿਸ ਅਤੇ ਪਰਿਵਾਰਿਕ ਮੈਂਬਰਾਂ ਵੱਲੋਂ ਗੋਤਾਖੋਰਾ ਦੀ ਮਦਦ ਲਈ ਜਾ ਰਹੀ ਹੈ । ਉਨ੍ਹਾਂ ਦੇ ਪਰਿਵਾਰਕ ਮੈਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦੋ ਤਿੰਨ ਪਾਰਟੀਆ ਨਾਲ ਕੁਝ ਤਕਰਾਰ ਚੱਲ ਰਿਹਾ ਸੀ । ਭਾਜਪਾ ਆਗੂ ਸ਼ਿਵ ਸ਼ਰਮਾ ਪਨਿਆਲੀ ਵੱਲੋਂ ਉਨਾ ਦੇ ਖਿਲਾਫ ਸੁਸਾਈਡ ਨੋਟ ਵੀ ਲਿਖਿਆ ਹੈ ਜੋ ਵਲੋਂ ਬ੍ਰਾਮਦ ਕਰ ਲਿਆ ਹੈ । ਪੁਲਿਸ ਦੇ ਵੱਲੋਂ ਹਰ ਐਂਗਲ ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਜਦਕਿ ਖਬਰ ਲਿਖੇ ਜਾਣ ਤੱਕ ਭਾਜਪਾ ਆਗੂ ਦਾ ਕੋਈ ਸੁਰਾਗ ਤੱਕ ਨਹੀ ਮਿਲਿਆ ।








**ਸ਼ਿਵ ਸ਼ਰਮਾ ਦੀ ਫਾਈਲ ਫੋਟੋ ਐਸ ਐਚ ਓ ਥਾਣਾ ਸਿਟੀ ਰੋਪੜ੍ਹ ਇੰਸਪੈਕਟਰ ਪਵਨ ਕੁਮਾਰ ਜਾਣਕਾਰੀ ਦਿੰਦੇ ਹੋਏ ਅਤੇ ਮੋਟਰਸਾਈਕਲ ਦੀ ਤਸਵੀਰ।**

# ਕਹਿਣ ਸਿਆਣੇ ਚੰਡ ਕੇ ਰੱਖੀਏ



ਜੇ ਕੋਈ ਸੁੱਖ ਨਹੀਂ ਦੇ ਸਕਦਾ
ਦੁੱਖ ਵੀ ਨਾ ਦੇਈਏ ਪੁਰਖੇ ਨੂੰ।
ਚਿੱਕੜ ਦੇ ਛਿੱਟਿਆਂ ਤੋਂ ਬਚਾ ਕੇ।
ਰੱਖੀਏ ਚਿੱਟੇ ਕੁੜਤੇ ਨੂੰ।
ਬਹੁਤੇ ਲਾਡ ਨਾਲ ਪਾਲੇ ਬੱਚੇ।
ਅਕਸਰ ਵਿਗੜਦੇ ਵੇਖੇ ਨੇ।
ਕਹਿਣ ਸਿਆਣੇ ਚੰਡ ਕੇ ਰੱਖੀਏ
ਪੁੱਤਰ ਧੀ ਤੇ ਖੁਰਪੇ ਨੂੰ।

**ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ : 9914836037**

# ਦੁੱਖ ਸੁੱਖ

ਬੰਦਾ ਰੱਬ ਕੋਲੋਂ ਭਾਲੇ ਆਪਣੇ ਲਈ ਸਾਰੇ ਸੁੱਖ
ਖਾਰ ਨਾਲ ਡੰਗਿਆ ਭਲੇ ਦੀ ਥਾਂ ਮੰਗੇ ਦੁੱਖ।

ਪੰਜ ਵਿਕਾਰਾਂ ਤੋਂ ਮੁਕਤੀ ਲਈ ਨਾਮ ਦਾ ਸੀ ਮੰਤਰ
ਕਲਯੁੱਗ ਚ ਦੈਂਤ ਰੂਪ ਧਾਰਣੇ ਦਾ ਭਾਲਿਆ ਯੰਤਰ॥

ਸਰਬੱਤ ਦੇ ਭਲੇ ਦੀਆਂ ਮੰਗਣੀਆਂ ਸੀ ਦੁਆਵਾਂ
ਲੁੱਕ ਛਿੱਪ ਸਾਧਾਂ ਨੂੰ ਸਿੱਟਣੇ ਦੀਆਂ ਕਰਦੇ ਸਲਾਹਾਂ।

ਗ਼ੈਰਤਾਂ ਵਾਲੇ ਬੂਟਿਆਂ ਨੂੰ ਕੁੜੱਤਣ ਦੀ ਪਾਈ ਖਾਦ
ਦੂਸਰਿਆਂ ਨੂੰ ਉਜਾੜ ਕੇ ਵੱਸਣਾ ਚਾਹੁੰਦੇ ਆਬਾਦ॥

ਉਸ ਡਾਢਵੇ ਦੀ ਕਚਹਿਰੀ ਵਿੱਚ ਨਾ ਚੱਲਣ ਚਲਿੱਤਰ
ਮੌਤ ਦੇ ਸੌਦਾਗਰਾਂ ਜਦ ਘੇਰਿਆ ਸੰਗੀ ਹੋ ਜਾਣੇ ਤਿੱਤਰ।

ਹੱਸ ਖੇਡ ਕੇ ਵੇਖ ਦੁਨੀਆਂ ਵੀ ਲੱਗਣੀ ਰੰਗਲੀ
ਕਿਤੇ ਚਿੱਤ ਚੇਤਿਆਂ ਵਿੱਚੋਂ ਉਤਾਰ ਨਫ਼ਰਤ ਦੀ ਸੰਗਲੀ॥

ਜੀਵਨ ਦੀ ਤੰਦ ਕੱਚ ਘੜੱਚ ਨਾ ਇਹ ਸਦਾ ਰਹਿਣੀ
ਪਿੱਠ ਤੇ ਕੀਤੀ ਗੱਲ ਮਾੜੀ ਚੰਗੀ ਹੁੰਦੀ ਮੂੰਹ ਤੇ ਕਹਿਣੀ।

ਨਾ ਮੈਂ ਬਹੁਤ ਸਿਆਣਾ ਨਾ ਮੇਰੇ ਕੋਲ ਅਕਲਾਂ ਦੀ ਗੰਢ
ਛੱਡਕੇ ਰੋਸੇ ਗਿੱਲੇ ਤੇ ਖ਼ਾਰਾਂ ਸੱਜਣਾ ਤੂੰ ਮਹਿਕਾਂ ਵੰਡ॥



**ਡਾ. ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ

ਓਪਰੇ ਓਪਰੇ ਹੋ ਕੇ ਵੀ ਆਪਣੇ ਬਣ ਜਾਂਦੇ ਹਨ
ਆਪਣੇ ਆਪਣੇ ਹੋਕੇ ਵੀ ਓਪਰੇ ਹੋ ਜਾਂਦੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।


ਜਿਸ ਤੇ ਸਾਨੂੰ ਸਭ ਤੋਂ ਜਿਆਦਾ ਭਰੋਸਾ ਹੁੰਦਾ ਹੈ
ਜਰੂਰਤ ਪੈਣ ਤੇ ਉਹੀ ਧੋਖਾ ਦੇ ਜਾਂਦੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।

ਪਤੀ ਪਤਨੀ ਇਕੱਠਾ ਰਹਿਣ ਦੀਆਂ ਕਸਮਾਂ ਖਾਂਦੇ ਹਨ
ਲੇਕਿਨ ਫਿਰ ਵੀ ਕੁੱਤੇ ਬਿੱਲੀ ਦੀ ਤਰ੍ਹਾਂ ਲੜਦੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।
ਧਰਮ ਦਾ ਪ੍ਰਚਾਰ ਕਰਨ ਵਾਲੇ ਲੱਖਾਂ ਰੁਪਏ ਲੈ ਕੇ ਸਤਿਸੰਗ ਕਰਦੇ ਹਨ
ਭਗਤਾਂ ਨੂੰ ਮੋਹ ਮਾਇਆ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।

ਸਾਡੇ ਲੀਡਰ ਸੰਵਿਧਾਨ ਦੀ ਸਹੁੰ ਚੁੱਕਦੇ ਹਨ
ਅਤੇ ਸੰਵਿਧਾਨ ਦੇ ਹੀ ਫੱਟੇ ਚੁੱਕਦੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।

ਮਾਪੇ ਪੁੱਤਰ ਵਾਸਤੇ ਮੰਨਤਾਂ ਮੰਨਦੇ ਹਨ
ਪੁੱਤਰ ਉਹਨਾਂ ਨੂੰ ਵਿਰਧ ਆਸ਼ਰਮ ਵਿੱਚ ਭੇਜਦਾ ਹੈ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।

ਪਹਿਲੇ ਮਾਪੇ ਬੱਚਿਆਂ ਨੂੰ ਦੁੱਧ ਤੇ ਮੱਖਣ ਖਵਾਉਂਦੇ ਸਨ
ਅੱਜ ਕੱਲ ਪਿਜ਼ਾ ਬਰਗਰ ਖੁਆ ਕੇ ਬੇੜਾ ਗਰਕ ਕਰ ਰਹੇ ਹਨ
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ ।
ਮਾਪੇ ਲੱਖਾਂ ਰੁਪਏ ਖਰਚ ਕਰਕੇ ਬੱਚਿਆਂ ਨੂੰ ਉੱਚੀ ਸਿਖਿਆ ਦਿਵਾਉਂਦੇ ਹਨ
ਬੱਚਾ ਵੱਡਾ ਹੋ ਕੇ ਵਿਦੇਸ਼ਾਂ ਵਿੱਚ ਨੌਕਰੀ ਕਰਕੇ ਉੱਥੇ ਵਸ ਜਾਂਦਾ ਹੈ।
ਇਸੇ ਦਾ ਨਾਂ ਹੀ ਤਾਂ ਜ਼ਿੰਦਗੀ ਹੈ।



**ਪਰੋਫੈਸਰ ਸ਼ਾਮ ਲਾਲ ਕੌਸ਼ਲ**
**ਮਬਾਇਲ ..9416359045**
**ਰੋਹਤਕ ਹਰਿਆਣਾ**

# ਟਰੰਪ


ਅਸਲੇ ਦੇ ਨਸ਼ੇ ਵਿੱਚ ਪੂਰਾ ਮਦਹੋਸ਼ ਐ
ਗਿਰਝਾਂ ਦੇ ਵਾਂਗੂੰ ਮਾਸ ਖਾਂਦਾ ਨੋਚ ਨੋਚ ਐ
ਅੱਤ ਕਰਵਾਈ ਹੋਈ ਆ ਦੁਨੀਆ ਤੇ ਟਰੰਪ ਨੇ
ਚੱਕ ਲਈਆ, ਬੀਬੀਆਂ, ਈਰਾਨ ਦੀਆਂ ਟਰੰਪ ਨੇ

ਔਰਤਾਂ ਤੇ ਬੱਚਿਆਂ ਦਾ ਦੱਸੋਂ ਕੀ ਕਸੂਰ ਆ
ਆਵਾਮ ਲਈ ਅਮਰੀਕਾ ਅੱਜ, ਬਣਿਆਂ ਨਾਸੂਰ ਆ
ਆਪਣੇ ਹੀ ਬੰਬਾਂ ਨਾਲ ਮਰਨਾ ਸਰਪੰਚ ਨੇ
ਚੱਕ ਲਈਆ ਬੀਬੀਆਂ, ਈਰਾਨ ਦੀਆਂ ਟਰੰਪ ਨੇ

ਗੁਰਮੀਤ ਡੁਮਾਣੇ ਵਾਲੇ, ਕੇਹੜਾ ਬਾਕੀ ਕਮਜ਼ੋਰ ਆ
ਤੱਕੜਿਆ ਦਾ ਮਾੜਿਆਂ ਤੇ, ਭਾਵੇ ਚਲ ਜਾਂਦਾ ਜ਼ੋਰ ਆ
ਭੁੱਲ ਗਿਆ ਰੱਬ ਬੰਦਾਂ ਆ ਕੇ ਫ਼ਰੰਟ ਤੇ
ਚੱਕ ਲਈਆ ਬੀਬੀਆਂ, ਈਰਾਨ ਦੀਆਂ ਟਰੰਪ ਨੇ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**



# ਇਤਿਹਾਸਕ ਦਮੜੀ ਸ਼ੋਭਾ ਯਾਤਰਾ ਜਲੰਧਰ ਰੇਲਵੇ ਸ਼ਟੇਸ਼ਨ ਤੋਂ ਚੱਲ ਕੇ ਹਰਿਦੁਆਰ ਵਿਖੇ ਹੋਈ ਸੰਪੰਨ

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ : ਸੰਤ ਨਿਰਮਲ ਦਾਸ ਜੀ



**ਹੁਸ਼ਿਆਰਪੁਰ / ਹਰਿਦੁਆਰ 7 ਅਪ੍ਰੈਲ (ਤਰਸੇਮ ਦੀਵਾਨਾ )** – ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਤ ਬਾਬਾ ਸਰਵਣ ਦਾਸ ਜੀ ਬੋਹਣ ਚੇਅਰਮੈਨ ਅਤੇ ਸੰਤ ਨਿਰਮਲ ਦਾਸ ਜੀ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ ਅਤੇ ਸਮੂਹ ਸੰਤ ਸਮਾਜ ਅਤੇ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਨਾਲ ਜਲੰਧਰ ਰੇਲਵੇ ਸਟੇਸ਼ਨ ਤੋਂ ਸਪੈਸ਼ਲ ਰੇਲ ਗੱਡੀ ਰਾਹੀਂ 3 ਅਪ੍ਰੈਲ ਨੂੰ ਹਰਿਦੁਆਰ ਲਈ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਬੜੀ ਸ਼ਾਨੋ ਸ਼ੌਕਤ ਨਾਲ ਅਰਦਾਸ ਉਪਰੰਤ ਸੰਤ ਨਿਰਮਲ ਦਾਸ ਜੀ ਅਤੇ ਸੰਤ ਇੰਦਰਦਾਸ ਜੀ ਸ਼ੇਖੇ ਜਨਰਲ ਸਕੱਤਰ,ਸੰਤ ਪਰਮਜੀਤ ਦਾਸ ਨਗਰ ਖਜਾਨਚੀ ,ਭੈਣ ਸੰਤੋਸ਼ ਕਮਾਰੀ ਬਿਲਡਿੰਗ ਇੰਚਾਰਜ ਅਤੇ ਸੰਤਾਂ ਮਹਾਂਪੁਰਸ਼ਾਂ ਦੀ ਅਗਵਾਈ ਹੇਠ ਆਰੰਭ ਹੋਈ। ਇਸ ਮੌਕੇ ਸੰਗਤਾਂ ਵਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ 4 ਅਪ੍ਰੈਲ ਨੂੰ ਫੁੱਲਾਂ ਦੀ ਵਰਖਾ ਕਰਦਿਆਂ ਬੈਂਡ ਵਾਜਿਆਂ ਨਾਲ ਹਰਿਦੁਆਰ ਹਰਿ ਕਿ ਪੋੜੀ ਗੰਗਾ ਘਾਟ ਵਿਖੇ ਪਹੁੰਚੀ । ਜਿੱਥੇ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੇ ਇਸ਼ਨਾਨ ਉਪਰੰਤ ਆਰਤੀ ਕਰ ਸੰਤਾਂ ਮਹਾਪੁਰਸ਼ਾਂ ਅਤੇ ਸਮੂਹ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ, ਧਾਰਮਿਕ ਜਥੇਬੰਦੀਆਂ ਤੇ ਨਿਹੰਗ ਜਥੇਬੰਦੀਆਂ, ਸਮਾਜਿਕ ਅਤੇ ਰਾਜਨੀਤਕ ਆਗੂਆਂ ਵੱਲੋਂ ਵੱਡੀ ਪੱਧਰ ਤੇ ਸ਼ਮੂਲੀਅਤ ਕਰ ਬੈਂਡ ਬਾਜਿਆਂ ਅਤੇ ਫੁਲਾ ਦੀ ਵਰਖਾ ਵਿੱਚ ਬੇਗਮਪੁਰਾ ਨਿਰਮਲਾ ਛਾਉਣੀ ਵਿਖੇ ਸਮਾਗਮ ਵਾਲੀ ਥਾ ਤੋ ਸ਼ਾਨੋ ਸ਼ੋਕਤ ਨਾਲ ਸੰਪੰਨ ਹੋਈ। ਇਸ ਮੌਕੇ ਸੰਤ ਬਾਬਾ ਨਿਰਮਲ ਦਾਸ ਜੀ ਬਾਬੇ ਜੌੜੇ ਜੀ ਨੇ ਆਈਆਂ ਹੋਈਆ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ,ਰਾਜਨੀਤਕ ਆਗੂਆਂ ਦਾ ਧੰਨਵਾਦ ਕੀਤਾ । ਉਪਰੰਤ 5 ਅਪ੍ਰੈਲ ਨੂੰ ਸਵੇਰੇ ਆਰਤੀ ਉਪਰੰਤ ਝੰਡਾ ਚੜਾਉਣ ਦੀ ਰਸਮ ਸੰਤਾਂ ਮਹਾਪੁਰਸਾਂ ਦੀ ਹਜੂਰੀ ਵਿੱਚ ਅਦਾ ਕੀਤੀ ਗਈ। ਇਸ ਮੌਕੇ ਜਨਰਲ ਸਕੱਤਰ ਸੰਤ ਇੰਦਰਦਾਸ ਸ਼ੇਖੇ, ਸੰਤ ਸਰਵਣ ਦਾਸ ਸਲੇਮ ਟਾਬਰੀ ਸੀਨੀਅਰ ਮੀਤ ਪ੍ਰਧਾਨ , ਸੰਤ ਪਰਮਜੀਤ ਦਾਸ ਨਗਰ ਖਜਾਨਚੀ, ਸੰਤ ਬਲਵੰਤ ਸਿੰਘ ਡਿੰਗਰੀਆਂ ਮੀਤ ਪ੍ਰਧਾਨ , ਸੰਤ ਵਿਨੈ ਮੂਨੀ ਜੰਮੂ, ਸੰਤ ਸੰਤੋਖ ਦਾਸ ਭਾਰਟਾ, ਸੰਤ ਪ੍ਰਗਟ ਨਾਥ ਜੀ, ਸੰਤ ਬਲਵੰਤ ਸਿੰਘ, ਮਹੰਤ ਪ੍ਰਸ਼ੋਤਮ ਦਾਸ, ਸੰਤ ਰਮੇਸ਼ ਦਾਸ ਜੀ, ਸੰਤ ਜਸਵੰਤ ਦਾਸ, ਸੰਤ ਜਗੀਰ ਸਿੰਘ ,ਸੰਤ ਰਾਮ ਸੇਵਕ,ਸੰਤ ਬੀਬੀ ਕੁਲਦੀਪ ਕੋਰ ਮਹਿਨਾਂ, ਬੀਬੀ ਕਮਲੇਸ਼ ਕੌਰ, ਭੈਣ ਸੰਤੋਸ਼ ਕੁਮਾਰੀ ਆਰਕੀਟੈਕਟ ਅਤੇ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ ਦੀ ਪ੍ਰਧਾਨ , ਸੰਤ ਪੂਜਾ ਪਾਨੀਪਤ, ਸੰਤ ਬੀਬੀ ਕ੍ਰਿਸ਼ਨ ਦਾਸ ਜੀ, ਬੀਬੀ ਸ਼ੁਸ਼ਮਾ ਦਾਸ ਹਰਿਦੁਆਰ, ਸੰਤ ਗੁਰਮੀਤ ਦਾਸ, ਸੰਤ ਸੰਤੋਖ ਦਾਸ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਰਾਜੇਸ਼ ਦਾਸ, ਸੰਤ ਪਵਨ ਕੁਮਾਰ, ਸੰਤ ਜੋਗਿੰਦਰ ਦਾਸ, ਸੰਤ ਸੋਢੀ ਸਿੰਘ, ਸੰਤ ਨਿਰੰਜਨ ਦ ਾਸ ਜੀ, ਸੰਤ ਗੁਰਮੀਤ ਦਾਸ, ਸੰਤ ਰਾਮ ਸਰੂਪ ਦਾਸ, ਸੰਤ ਉਮ ਪ੍ਰਕਾਸ਼ ਰਾਣਾ, ਸੰਤ ਦਿਲਦਾਰ ਸਿੰਘ, ਸੰਤ ਭਗਵਾਨ ਦਾਸ, ਸੰਤ ਸਤਵਿੰਦਰ ਹੀਰਾ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਰਜਿ., ਸੰਤ ਮਨੋਹਰ ਦਾਸ, ਸੰਤ ਪ੍ਰੇਮ ਦਾਸ, ਸੰਤ ਸਤਨਾਮ ਦਾਸ, ਸੰਤ ਗੁਰਨਾਮ ਦਾਸ ਕੈਥਲ, ਸੰਤ ਹਰਪ੍ਰੀਤ ਲਾਲ ਗੰਗਾਨਗਰ, ਸੰਤ ਬਲਕਾਰ ਸਿੰਘ, ਸੰਤ ਪੰਤੇ ਜੀ ਹਰਿਦੁਆਰ ਵਾਲੇ ਤੋਂ ਇਲਾਵਾ ਰਾਜ ਕੁਮਾਰ ਡੋਗਰ, ਹਰਪ੍ਰੀਤ ਸਿੰਘ, ਮਹਿੰਦਰ ਪਾਲ ਸੰਤੋਖਪੁਰਾ, ਜਸਵਿੰਦਰ ਬਲ, ਸਤਪਾਲ ਮਹੇ, ਸਰਪੰਚ ਵਿਜੇ ਨੰਗਲ, ਵੀਰ ਚੰਦ ਸੁਰੀਲਾ, ਰਵਿੰਦਰ ਸਿੰਘ ਸਾਬੀ, ਪਰਮਜੀਤ ਸਿੰਘ, ਅਮਰਜੀਤ ਅਤੇ ਸਮੂਹ ਸੰਤ ਸਮਾਜ ਵਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਨਿਰਮਲ ਦਾਸ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੇ ਫਲਸਫੇ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਹੋਇਆਂ ਸੱਚੇ ਮਾਰਗ ਦੇ ਪਾਂਧੀ ਬਣ ਕੇ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਬਾਣੀ ਅਤੇ ਕੀਰਤਨ ਰਾਂਹੀ ਉਪਦੇਸ਼ਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਉੱਥੇ ਵੱਖ ਵੱਖ ਸੰਤਾਂ ਮਹਾਪੁਰਸ਼ਾਂ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨੀ ਬਾਰੇ ਕੀਰਤਨ ਰਾਹੀਂ ਸੰਗਤਾਂ ਨੂੰ ਜੋੜੀ ਰਖਿਆ । ਇਸ ਮੋਕੇ ਭੈਣ ਸੰਤੋਸ਼ ਕੁਮਾਰੀ ਆਰਕੀਟੈਕਟ ਅਤੇ ਨਾਰੀ ਸ਼ਕਤੀ ਫਾਉਂਡੇਸ਼ਨ ਭਾਰਤ ਦੀ ਪ੍ਰਧਾਨ ਨੇ ਸਮਾਗਮ ਦੋਰਾਨ ਸਾਰੇ ਸੰਤ ਮਹਾਪੁਰਸ਼ਾਂ ਨੂੰ ਪ੍ਰਨਾਮ ਕਰ ਆਈਆਂ ਹੋਈਆਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਅਤੇ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਦੇ ਸਫਲ ਸਮਾਗਮ ਤੇ ਸਾਰਿਆਂ ਨੂੰ ਵਧਾਈ ਦਿੱਤੀ। ਸਮਾਗਮ ਦੌਰਾਨ ਜਨਰਲ ਸਕੱਤਰ ਸੰਤ ਇੰਦਰਦਾਸ ਜੀ ਸ਼ੇਖੇ ਨੇ ਦੱਸਿਆ ਕੀ ਜਿੱਥੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਸੰਗਤਾਂ ਸ਼ਰਧਾ ਨਾਲ ਸਿਰ ਝੁਕਾਉਂਦੀਆਂ ਹਨ ਉਥੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਤੀ ਸੰਗਤਾਂ ਵਿੱਚ ਪੂਰਨ ਸਨੇਹ ਵੀ ਹੈ ।ਉਨ੍ਹਾਂ ਦੱਸਿਆ ਕਿ ਸਮੂਹ ਸੰਤ ਸਮਾਜ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ ਅਤੇ ਸੰਤ ਨਿਰਮਲ ਦਾਸ ਜੀ ਬਾਬੇ ਜੋੜੇ ਪ੍ਰਧਾਨ ਸੰਤ ਸਮਾਜ ਜੀ ਦੇ ਸਦਕਾ ਪਿੰਡ ਚੂਹੜਵਾਲੀ ਵਿਖੇ ਸ਼੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਸੀ. ਬੀ . ਐਸ ਈ ਵਿੱਚ ਪੜ ਰਹੇ ਜਰੂਰਤਮੰਦ ਬੱਚਿਆਂ ਨੂੰ ਮੁਫਤ ਪੜਾਈ ਲਿਖਾਈ ਕਰਵਾ ਰਹੇ ਹਨ ਉਹ ਆਪਣੇ ਆਪ ਵਿੱਚ ਇਕ ਮਿਸਾਲ ਕਾਇਮ ਕਰ ਰਹੇ ਹਨ। ਇਸ ਮੌਕੇ ਹੰਸਰਾਜ ਬਾਲੀ ਅਤੇ ਸ਼੍ਰੀਮਤੀ ਪਰਮਿੰਦਰ ਕੌਰ ਬਾਲੀ ਅਤੇ ਸਮੂਹ ਪਰਿਵਾਰ ਵਲੋਂ ਆਪਣੇ ਮਾਤਾ ਪਿਤਾ ਜੀ ਦੀ ਯਾਦ ਵਿੱਚ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਜਿਸ ਵਿੱਚ ਮੁਫਤ ਮੈਡੀਕਲ ਕੈਂਪ ਬਾਲੀ ਪਰਿਵਾਰ ਵਲੋਂ ਲਗਾਇਆ ਗਿਆ ਜਿਸ ਵਿੱਚ ਡਾ ਮਨਜੀਤ ਕੁਮਾਰ ਰਾਏਪੁਰ ਸਮੇਤ ਨਰੇਸ਼ ਕੁਮਾਰ, ਡਾ. ਵਿਪਨ ਕੁਮਾਰ, ਡਾ.ਜਸਵੀਰ ਬੈਂਸ, ਡਾ.ਮੰਗਤ ਰਾਏ, ਡਾ .ਜਸਵੀਰ ਪਜੇਵਾਲ, ਡਾ ਰਵੀ, ਡਾ ਜਸਵੀਰ ਕੁਮਾਰ, ਡਾ ਸੁਲਿੰਦਰ ਪਾਲ ਕੈਂਥ, ਜਤਿੰਦਰ ਸਿੰਘ ਫਿਜਿਉਥ੍ਰੈਪਿਸਟ ਨੇ ਆਈਆ ਹੋਈਆਂ ਸੰਗਤਾਂ ਦਾ ਚੈਕਅੱਪ ਕਰ ਮੁਫਤ ਦਵਾਇਆਂ ਵੀ ਦਿੱਤੀਆਂ ।ਅੰਤ ਵਿੱਚ ਸੰਤ ਨਿਰਮਲ ਦਾਸ ਬਾਬੇ ਜੌੜੇ ਜੀ ਨੇ ਆਈਆਂ ਹੋਈਆਂ ਸੰਗਤਾਂ ਦੀ ਸਿਹਤਯਾਬੀ ਲਈ ਅਰਦਾਸ ਵੀ ਕੀਤੀ ।ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

**ਫੋਟੋ ਅਜਮੇਰ ਦੀਵਾਨਾ**

# ਬਾਵਾ ਦਾ ਜਨਮ-ਦਿਨ ਬੂਟੇ ਲਗਾ ਕੇ, ਸੀਨੀਅਰ ਸਿਟੀਜਨ ਨਾਲ ਕੇਕ ਕੱਟ ਕੇ ਅਤੇ ਗੁਰੂ ਸਾਹਿਬ ਦਾ ਅਸ਼ੀਰਵਾਦ ਲੈ ਕੇ ਮਨਾਇਆ

**ਡਾ: ਆਸ਼ੀਸ਼, ਖੁਰਾਨਾ, ਸੁਭਾਸ਼, ਅਸ਼ਵਨੀ, ਦੇਵ, ਖੋਖਰ, ਗੋਇਲ, ਦਿਲਜੀਤ, ਕਰਨੈਲ, ਦੀਵਾਨ, ਦਾਖਾ, ਬਾਵਾ, ਲਾਪਰਾਂ, ਗੁਲਾਬ, ਡਾ: ਚੁੱਘ, ਡਾ: ਬਿੰਦਰਾ, ਗਰਗ, ਚਾਵਲਾ ਨੇ ਜਨਮ-ਦਿਨ 'ਤੇ ਹਾਰਦਿਕ ਵਧਾਈ ਦਿੱਤੀ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ**








**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਤਕਰੀਬਨ 50 ਸਾਲ ਤੋਂ ਸਿਆਸੀ, ਸਮਾਜਿਕ, ਸੱਭਿਆਚਾਰਿਕ ਅਤੇ ਧਾਰਮਿਕ ਖੇਤਰ ਵਿੱਚ ਵੱਡਮੁੱਲੀ ਸੇਵਾ ਨਿਭਾਉਣ ਵਾਲੇ ਉੱਘੇ ਸਮਾਜ-ਸੇਵੀ ਕ੍ਰਿਸ਼ਨ ਕੁਮਾਰ ਬਾਵਾ ਦਾ ਜਨਮ-ਦਿਨ ਇੱਕ ਦਰਜਨ ਦੇ ਕਰੀਬ ਸਥਾਨਾਂ 'ਤੇ ਬੂਟੇ ਲਗਾ ਕੇ ਅਤੇ ਕੇਕ ਕੱਟ ਕੇ ਸੀਨੀਅਰ ਸਿਟੀਜ਼ਨ ਨੇ ਪਿਆਰ, ਸਤਿਕਾਰ ਅਤੇ ਅਸ਼ੀਰਵਾਦ ਦੇ ਕੇ ਖ਼ੁਸ਼ੀਆਂ ਭਰੇ ਮਾਹੌਲ ਵਿੱਚ ਬਾਵਾ ਦੀ ਬਹੁਪੱਖੀ ਸ਼ਖ਼ਸ਼ੀਅਤ ਨੂੰ ਉਭਾਰਦਾ ਹੋਇਆ, ਵੱਖਰੇ ਅੰਦਾਜ਼ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਾ ਹੋਇਆ ਗੁਰੂ ਸਾਹਿਬ ਦਾ ਅਸ਼ੀਰਵਾਦ ਲੈ ਕੇ ਮਨਾਇਆ ਗਿਆ ਅਤੇ ਉਹਨਾਂ ਸਭ ਨੇ ਬਾਵਾ ਦੀ ਸਿਹਤਯਾਬੀ ਅਤੇ ਲੰਬੀ ਉਮਰ ਲਈ ਪ੍ਰਭੂ ਅੱਗੇ ਕਾਮਨਾ ਕੀਤੀ। ਇਸ ਸਮੇਂ ਸਤਲੁਜ ਕਲੱਬ ਦੇ ਜਨਰਲ ਸਕੱਤਰ ਡਾ: ਅਸ਼ੀਸ਼ ਅਹੂਜਾ, ਸਮਾਜ-ਸੇਵੀ ਐੱਸ.ਐੱਸ ਖੁਰਾਨਾ, ਸੁਭਾਸ਼ ਕਵਾਤਰਾ, ਪਵਨ ਦੀਵਾਨ, ਅਸ਼ਵਨੀ ਅਰੋੜਾ, ਦੇਵ, ਆਰ.ਐੱਸ ਖੋਖਰ ਰਿਟਾ. ਜੱਜ, ਰਾਕੇਸ਼ ਗੋਇਲ, ਕਰਨਲ ਕਾਹਲੋਂ, ਮੇਜਰ ਆਈ.ਐੱਸ ਸੰਧੂ, ਦਿਲਜੀਤ ਸਿੰਘ ਯੂ.ਐੱਸ.ਏ, ਗੁਰਮੀਤ ਸਿੰਘ ਗਿੱਲ ਯੂ.ਐੱਸ.ਏ, ਗੁਲਾਬ ਸਿੰਘ, ਅਸ਼ਵਨੀ ਬਾਵਾ ਆਸਟਰੇਲੀਆ, ਮਲਕੀਤ ਸਿੰਘ ਦਾਖਾ, ਗੁਰਦੇਵ ਸਿੰਘ ਲਾਪਰਾਂ, ਪਰਵਿੰਦਰ ਸਿੰਘ ਲਾਪਰਾਂ, ਮਨੋਹਰ ਬੈਰਾਗੀ (ਮੱਧ ਪ੍ਰਦੇਸ਼), ਮਨੋਜ ਸੁਆਮੀ, ਗੁਲਾਬ ਕ੍ਰਿਕਟ ਅਕੈਡਮੀ ਦੀਆਂ ਬੇਟੀਆਂ (ਜਿਹਨਾਂ ਨੇ ਬੂਟੇ ਲਗਾਏ), ਕਰਨੈਲ ਸਿੰਘ ਗਿੱਲ, ਜਗਜੀਵਨ ਸਿੰਘ ਗਰੀਬ, ਡਾ: ਚੁੱਘ, ਡਾ: ਬਿੰਦਰਾ, ਜੋਗਾ ਸਿੰਘ ਮਾਨ, ਪੰਕਜ, ਵਿਵੇਕ ਸ਼ਰਮਾ, ਗੁਰਨਾਮ ਸਿੰਘ ਕਲੇਰ, ਰਣਜੀਤ ਸਿੰਘ ਚੌਂਕੀਮਾਨ, ਪੁਰੀਸ਼ ਸਿੰਗਲਾ, ਪਵਨ ਗਰਗ, ਸੁਭਾਸ਼ ਚਾਵਲਾ, ਸਿੰਮੀ ਕਵਾਤਰਾ, ਕਰਫੱਲ ਮਹੰਤ ਬਰਨ-ਾਲਾ, ਵਰਿੰਦਰ ਭੱਲਾ, ਮਨਜੀਤ ਕੌਰ ਸਰੋਏ, ਮੁਕੇਸ਼ ਸੂਦ, ਵਿਨੋਦ ਤਲਵਾੜ ਨੇ ਮਿਲ ਕੇ ਬੁੱਕੇ ਭੇਂਟ ਕੀਤੇ ਅਤੇ ਹਾਰਦਿਕ ਵਧਾਈ ਦਿੱਤੀ।

ਇਸ ਸਮੇਂ ਬਾਵਾ ਨੇ ਸਭ ਸਮਾਜ-ਸੇਵੀ ਸੰਸਥਾਵਾਂ, ਐਸੋਸੀਏਸ਼ਨਾਂ ਦਾ ਉਹਨਾਂ ਨੂੰ ਦਿੱਤੇ ਪਿਆਰ ਅਤੇ ਸਤਿਕਾਰ ਅਤੇ ਅਸ਼ੀਰਵਾਦ ਦੇਣ ਲਈ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕੀਤਾ।

# ਮੁੱਖ ਮੰਤਰੀ ਦੇ ਹਲਕੇ ਦੇ ਪਿੰਡ ਦੇ ਬੇਜ਼ਮੀਨੇ ਦਲਿਤਾਂ ਦੀ ਰੂੜੀਆਂ ਵਾਲੀ ਜ਼ਮੀਨ ਉਤੇ ਪੇਂਡੂ ਚੌਧਰੀਆਂ ਵਲੋਂ ਕੀਤੇ ਨਾਜਾਇਜ਼ ਕਬਜ਼ੇ ਖਿਲਾਫ ਮਜ਼ਦੂਰ ਸੰਘਰਸ਼ ਜਾਰੀ

## ਇਨਸਾਫ਼ ਨਾ ਮਿਲਣ 'ਤੇ ਸਰਕਾਰ ਨੂੰ ਕਰਨਾ ਪਵੇਗਾ ਵਿਸ਼ਾਲ ਸਾਂਝੇ ਮਜ਼ਦੂਰ ਅੰਦੋਲਨ ਦਾ ਸਾਹਮਣਾ - ਲਿਬਰੇਸ਼ਨ



**ਮਾਨਸਾ, 7 ਅਪ੍ਰੈਲ (ਜਸਵੰਤ ਗਿੱਲ ਸਮਾਲਸਰ)** ਸੀਪੀਆਈ ਐਮ ਐਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਪੰਜਾਬ ਸਰਕਾਰ ਅਤੇ ਸੰਗਰੂਰ ਜ਼ਿਲਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਿੰਡ ਬੇਨੜਾ ਦੇ ਸਰਪੰਚ ਅਤੇ ਲੋਕਲ ਗੁਰਦੁਆਰਾ ਸਾਹਿਬ ਦੇ ਮੋਹਰੀਆਂ ਵਲੋਂ ਪਿੰਡ ਦੇ ਬੇਜ਼ਮੀਨੇ ਦਲਿਤ ਭਾਈਚਾਰੇ ਦੀ ਰੂੜੀਆਂ ਤੇ ਪੱਥਵਾੜੇ ਵਾਲੀ ਜਗ੍ਹਾ ਉਤੇ ਕੀਤਾ ਨਾਜਾਇਜ਼ ਕਬਜ਼ਾ ਤੁਰੰਤ ਖ਼ਤਮ ਕਰਵਾਇਆ ਜਾਵੇ ਅਤੇ ਧੋਖੇ ਨਾਲ ਅਜਿਹਾ ਕਰਨ ਵਾਲੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ।

ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਵਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿੰਡ ਬੇਨੜਾ ਦੀ ਫਿਰਨੀ ਨਾਲ ਲੱਗਦੀ ਪੰਚਾਇਤੀ ਜ਼ਮੀਨ ਵਿਚੋਂ ਕਰੀਬ 80 ਕਰਮ ਲੰਬੀ ਅਤੇ 11 ਕਰਮ ਚੌੜੀ ਜਗ੍ਹਾ ਨੂੰ ਪਿੰਡ ਦੇ ਬੇਜ਼ਮੀਨੇ ਦਲਿਤ ਭਾਈਚਾਰੇ ਵਲੋਂ ਪਿਛਲੇ ਛੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਰੂੜੀਆਂ ਲਾਉਣ ਅਤੇ ਪਾਥੀਆਂ ਪੱਥਣ ਲਈ ਵਰਤਿਆ ਜਾ ਰਿਹਾ ਹੈ। ਇਸੇ ਸਾਲ ਮਾਰਚ ਮਹੀਨੇ ਵਿੱਚ ਪਿੰਡ ਦੇ ਸਰਪੰਚ ਨੇ ਦਲਿਤ ਭਾਈਚਾਰੇ ਨਾਲ ਗੱਲਬਾਤ ਕੀਤੀ ਕਿ ਜੇਕਰ ਤੁਹਾਡੀ ਸਹਿਮਤੀ ਹੋਵੇ ਤਾਂ ਤੁਹਾਨੂੰ ਰੂੜੀਆਂ ਲਾਉਣ ਲਈ ਹੋਰ ਰਾਖਵੀਂ ਜਗ੍ਹਾ ਦੇ ਦਿੱਤੀ ਜਾਵੇਗੀ ਅਤੇ ਇਸ ਜ਼ਮੀਨ ਉਤੇ ਪੰਚਾਇਤ ਵਲੋਂ ਤੁਹਾਡੇ ਲਈ ਪਾਰਕ ਅਤੇ ਕਮਿਊਨਿਟੀ ਸੈਂਟਰ ਬਣਾ ਦਿੱਤਾ ਜਾਵੇਗਾ। ਦਲਿਤ ਭਾਈਚਾਰੇ ਨੇ ਇਸ ਸਕੀਮ ਨੂੰ ਸਹਿਮਤੀ ਦੇ ਦਿੱਤੀ, ਪਰ ਬਾਅਦ ਵਿੱਚ ਅਕਾਲੀ ਦਲ ਸਮਰਥਕ ਸਰਪੰਚ ਨੇ ਦਲਿਤ ਵਰਗ ਨਾਲ ਧੋਖਾ ਕੀਤਾ। ਉਸ ਵਲੋਂ ਇਹ ਜਗ੍ਹਾ ਸਾਫ਼ ਕਰਵਾਉਣ ਅਤੇ ਕਰਾਹ ਲਗਵਾਉਣ ਤੋਂ ਬਾਅਦ ਉਲਟਾ ਬੁਰਜੀਆਂ ਲਗਵਾ ਕੇ ਨਾਲ ਲੱਗਦੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿੱਚ ਮਿਲਾ ਦਿੱਤੀ। ਉਸੇ ਦਿਨ ਤੋਂ ਪਿੰਡ ਦਾ ਮਜ਼ਦੂਰ ਭਾਈਚਾਰਾ ਇਸ ਧੋਖੇ ਤੇ ਧੱਕੇਸ਼ਾਹੀ ਖ਼ਿਲਾਫ਼ ਅੰਦੋਲਨ ਕਰ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਕੁਝ ਪ੍ਰਬੰਧਕਾਂ ਵਲੋਂ ਵੀ ਵਿਰੋਧ ਕਰ ਰਹੇ ਦਲਿਤ ਮਰਦ ਔਰਤਾਂ ਨੂੰ ਜਾਤੀ ਗਾਲਾਂ ਕੱਢੀਆਂ ਤੇ ਧਮਕੀਆਂ ਦਿੱਤੀਆਂ। ਭਾਵੇਂ ਪ੍ਰਸ਼ਾਸਨ ਵਲੋਂ ਵੀ ਤਹਿਸੀਲਦਾਰ, ਡੀਐਸਪੀ ਤੇ ਸਥਾਨਕ ਥਾਣੇਦਾਰ ਨੇ ਵੀ ਅੰਦੋਲਨਕਾਰੀਆਂ ਨਾਲ ਗੱਲਬਾਤ ਕਰਕੇ ਇਹ ਕਬਜ਼ਾ ਖ਼ਤਮ ਕਰਨ ਦਾ ਯਕੀਨ ਦਿਵਾਇਆ, ਪਰ ਦਲਿਤ ਔਰਤਾਂ ਤੇ ਮਰਦਾਂ ਵਲੋਂ ਭੁੱਖ ਹੜਤਾਲ ਤੇ ਧਰਨੇ ਦੇ ਰੂਪ ਵਿੱਚ ਅੰਦੋਲਨ ਚੱਲਦੇ ਨੂੰ ਇਕ ਹਫ਼ਤੇ ਤੋਂ ਵੱਧ ਦਿਨ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਚੇਤੇ ਰਹੇ ਕਿ ਇਹ ਪਿੰਡ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਧਾਨ ਸਭਾ ਹਲਕਾ ਧੂਰੀ ਵਿੱਚ ਪੈਂਦਾ ਹੈ ਅਤੇ ਸੰਸਦ ਮੈਂਬਰ ਹੁੰਦਿਆਂ ਉਨ੍ਹਾਂ ਇਸ ਪਿੰਡ ਨੂੰ 'ਗੋਦ' ਵੀ ਲਿਆ ਸੀ। ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਮਾਨ ਸਰਕਾਰ ਪੰਚਾਇਤੀ ਜ਼ਮੀਨਾਂ ਉਤੋਂ ਨਾਜਾਇਜ਼ ਕਬਜ਼ੇ ਖ਼ਤਮ ਕਰਵਾਉਣ ਦੀ ਮੁਹਿੰਮ ਚਲਾ ਰਹੀ ਹੈ, ਜਦੋਂ ਕਿ ਮੁੱਖ ਮੰਤਰੀ ਦੇ ਅਪਣੇ ਹਲਕੇ ਦੇ ਇਸ ਪਿੰਡ ਵਿੱਚ ਸਰਪੰਚ ਪੰਚਾਇਤੀ ਜ਼ਮੀਨ ਉਤੇ ਖੁਦ ਨਵਾਂ ਪੱਕਾ ਕਬਜ਼ਾ ਕਰਵਾ ਰਿਹਾ ਹੈ, ਪਰ ਸਰਕਾਰ ਤੇ ਪ੍ਰਸ਼ਾਸਨ ਪੂਰੀ ਤਰਾਂ ਖਾਮੋਸ਼ ਹਨ। ਲਿਬਰੇਸ਼ਨ ਆਗੂਆਂ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਹੈ ਕਿ ਇਸ ਨੂੰ ਮਹਿਜ਼ ਦੋ ਸਵਾ ਦੋ ਕਨਾਲ ਜ਼ਮੀਨ ਦਾ ਝਗੜਾ ਨਾ ਸਮਝਿਆ ਜਾਵੇ, ਇਹ ਹੰਕਾਰੇ ਜਾਤੀਵਾਦੀ ਪੇਂਡੂ ਚੌਧਰੀਆਂ ਵਲੋਂ ਦਲਿਤ ਗਰੀਬਾਂ ਦੇ ਮਾਨ ਸਨਮਾਨ ਨੂੰ ਕੁਚਲਣ ਦੀ ਇਕ ਜਾਤੀਵਾਦੀ ਸਾਜ਼ਿਸ਼ ਹੈ। ਇਸ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਂਝ ਵੀ ਇਹ ਕੋਈ ਇਕੱਲੀ ਕਹਿਰੀ ਘਟਨਾ ਨਹੀਂ, ਬਲਕਿ ਇਕ ਤੋਂ ਬਾਅਦ ਇਕ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਬੇਜ਼ਮੀਨੇ ਦਲਿਤਾਂ ਨੂੰ ਗਿਣੇ ਮਿਥੇ ਨਾਲ ਜਲੀਲ ਕੀਤਾ ਤੇ ਜਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਲਈ ਅਸੀਂ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਪਿੰਡ ਬੇਨੜਾ ਦੇ ਦਲਿਤ ਮਜ਼ਦੂਰਾਂ ਨੂੰ ਤੁਰੰਤ ਇਨਸਾਫ਼ ਨਾ ਮਿਲਣ ਦੀ ਸੂਰਤ ਵਿੱਚ ਸਾਰੀਆਂ ਮਜ਼ਦੂਰ ਹਿਤੈਸ਼ੀ ਧਿਰਾਂ ਇਸ ਮਾਮਲੇ ਨੂੰ ਲੈਕੇ ਸਾਂਝੇ ਸੰਘਰਸ਼ ਦਾ ਬਿਗਲ ਵਜਾਉਣ ਲਈ ਮਜ਼ਬੂਰ ਹੋਣਗੀਆਂ।

# ਐਲ ਟੀ ਐਸ ਯੂ ਪੰਜਾਬ ਅਤੇ ਕਿਊ ਸਪਾਈਡਰਸ ਵੱਲੋਂ ਭਾਈਵਾਲ ਤੌਰ ਤੇ ਅਤਿ-ਆਧੁਨਿਕ ਤਕਨੀਕੀ ਪ੍ਰੋਗਰਾਮ ਸ਼ੁਰੂ

**ਨਵਾਂਸ਼ਹਿਰ /ਕਾਠਗੜ੍ਹ 7 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਅਤੇ ਕਿਊਂ ਸਪਾਈਡਰਸ ਐਜੂਵਰਸਿਟੀ ਨੇ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਉਦਯੋਗ-ਸੰਬੰਧਿਤ ਪ੍ਰੋਗਰਾਮ ਪੇਸ਼ ਕਰਨ ਲਈ ਹੱਥ ਮਿਲਾਇਆ ਹੈ। ਇਸ ਭਾਈਵਾਲੀ ਦਾ ਉਦੇਸ਼ ਰੋਬੋਟਿਕ ਪ੍ਰਕਿਰਿਆ ਆਟੋਮੇਸ਼ਨ, ਏ ਆਈ ਨਾਲ ਫੁੱਲ ਸਟੈਕ ਵਿਕਾਸ ਅਤੇ ਟੈਸਟਿੰਗ, ਅਤੇ ਫਿਨਟੈਕ ਅਤੇ ਡੇਟਾ ਵਿਸ਼ਲੇਸ਼ਣ ਵਰਗੇ ਖੇਤਰਾਂ ਵਿੱਚ ਹੁਨਰ ਦੇ ਪਾੜੇ ਨੂੰ ਪੂਰਾ ਕਰਨਾ ਹੈ। ਬੀ.ਟੈਕ, ਐਮ.ਟੈਕ, ਬੀ ਸੀ ਏ, ਐਮ ਸੀ ਏ, ਅਤੇ ਐਮ ਬੀ ਏ ਸਮੇਤ ਪ੍ਰੋਗਰਾਮ, ਵਿਦਿਆਰਥੀਆਂ ਨੂੰ ਉਦਯੋਗ-ਲੋੜੀਂਦੇ ਹੁਨਰਾਂ ਅਤੇ ਉੱਚ-ਅੰਤ ਦੀਆਂ ਤਕਨਾਲੋਜੀਆਂ ਵਿੱਚ ਹੱਥੀਂ ਅਨੁਭਵ ਦੇਣ 'ਤੇ ਕੇਂਦ੍ਰਤ ਕਰਦੇ ਹਨ। ਵਿਦਿਆਰਥੀਆਂ ਨੂੰ ਭਵਿੱਖ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪ੍ਰੋਜੈਕਟ-ਅਧਾਰਤ ਸਿਖਲਾਈ, ਇੰਟਰਨਸ਼ਿਪ ਅਤੇ ਮਾਹਰ ਮਾਰਗਦਰਸ਼ਨ ਤੋਂ ਲਾਭ ਹੋਵੇਗਾ। ਕੋਰਸ ਵਿੱਚ ਦਾਖ਼ਲਾ ਮੈਰਿਟ ਦੇ ਅਧਾਰ ਤੇ ਹੋਵੇਗਾ ਙ ਕੰਪਨੀ ਨੌਜਵਾਨ ਦਿਮਾਗਾਂ ਨੂੰ ਸਫਲ ਕਰੀਅਰ ਪੈਦਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੀ ਹੈ। ਲੈਮਰਿਨ ਟੈਕ ਸਕਿੱਲਜ਼



ਯੂਨੀਵਰਸਿਟੀ ਪਾਠਕ੍ਰਮ ਨੂੰ ਢਾਂਚਾ ਬਣਾਉਣ ਲਈ ਗਲੋਬਲ ਤਕਨੀਕੀ ਦਿੱਗਜਾਂ ਨਾਲ ਭਾਈਵਾਲੀ ਕਰ ਰਹੀ ਹੈ, ਵਿਦਿਆਰਥੀਆਂ ਨੂੰ ਹੁਨਰ-ਅਧਾਰਤ ਕੋਰਸਾਂ ਵਿੱਚ ਸਿਖਲਾਈ ਦੇ ਕੇ ਉਦਯੋਗ-ਤਿਆਰ ਬਣਾਉਂਦੀ ਹੈ, ਪ੍ਰਮੁੱਖ ਉਦਯੋਗ ਮਾਹਰਾਂ ਅਤੇ ਸਿੱਖਿਆ ਸ਼ਾਸਤਰੀਆਂ ਦੁਆਰਾ ਸਲਾਹ ਦਿੱਤੀ ਜਾਂਦੀ ਹੈ। ਸ਼੍ਰੀ ਐਨ ਐਸ ਰਿਆਤ ਸੰਸਥਾਪਕ ਚਾਂਸਲਰ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਕਿਹਾ ਕਿ ਇਹ ਭਾਈਵਾਲੀ ਉਦਯੋਗ-ਤਿਆਰ ਪੇਸ਼ੇਵਰ ਬਣਾਉਣ ਦੇ ਸਾਡੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਸਾਨੂੰ ਵਿਸ਼ਵਾਸ ਹੈ ਕਿ ਇਹ ਮੁਹਾਰਤ ਸਾਡੇ ਵਿਦਿਆਰਥੀਆਂ ਦੇ ਹੁਨਰ ਅਤੇ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਵਧਾਏਗੀ। ਡਾ. ਏ ਐਸ ਚਾਵਲਾ ਵਾਈਸ ਚਾਂਸਲਰ ਨੇ ਕਿਹਾ ਕਿ ਅਸੀਂ ਅਤਿ-ਆਧੁਨਿਕ ਤਕਨੀਕੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਲਈ ਕਿਊ ਸਪਾਈਡਰਸ ਨਾਲ ਸਹਿਯੋਗ ਕਰਨ ਲਈ ਉਤਸ਼ਾਹਿਤ ਹਾਂ। ਇਹ ਭਾਈਵਾਲੀ ਸਾਡੇ ਵਿਦਿਆਰਥੀਆਂ ਨੂੰ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਵਿਹਾਰਕ ਅਨੁਭਵ ਅਤੇ ਮੁਹਾਰਤ ਪ੍ਰਾਪਤ ਕਰਨ ਦੇ ਯੋਗ ਬਣਾਏਗੀ, ਗਿਰੀਸ਼ ਰਮਨਾ ਸੰਸਥਾਪਕ ਅਤੇ ਸੀਈਓ ਟੈਸਟ ਯੰਤਰਾ ਨੇ ਐਲ ਟੀ ਐਸ ਯੂ ਪੰਜਾਬ ਨਾਲ ਇੱਕ ਮਾਨਮੱਤੇ ਸਾਂਝੇਦਾਰੀ ਵਜੋਂ ਕਿਹਾ ਕਿ ਵਿਦਿਆਰਥੀਆਂ ਨੂੰ ਉਦਯੋਗ-ਸੰਬੰਧਿਤ ਹੁਨਰਾਂ ਨਾਲ ਸਸ਼ਕਤ ਬਣਾਇਆ ਜਾਵੇਗਾ । ਇਹ ਸਹਿਯੋਗ ਹੁਨਰ ਦੇ ਪਾੜੇ ਨੂੰ ਪੂਰਾ ਕਰਨ ਅਤੇ ਭਵਿੱਖ ਵਿੱਚ ਇੱਕ ਪ੍ਰਤਿਭਾ ਪੂਲ ਬਣਾਉਣ ਵਿੱਚ ਮਦਦ ਕਰੇਗਾ। ਸ਼੍ਰੀ ਵਿਮਲ ਮਨਹੋਤਰਾ, ਸੀਈਓ, ਡਾ. ਐਚ. ਪੀ. ਐਸ. ਧਾਮੀ, ਕਾਰਜਕਾਰੀ ਡੀਨ (ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ ) ਸ਼੍ਰੀਮਤੀ ਉਰਮਿਲਾ ਦਯਾਨੰਦ, ਬਿਜ਼ਨਸ ਹੈੱਡ ਕੋਲਬੋਰੇਸ਼ਨ ਸ਼੍ਰੀਮਤੀ ਨਮਰਥਾ ਪੀ, ਓਪਰੇਸ਼ਨ ਹੈੱਡ, ਸ਼੍ਰੀ ਅੰਕਿਤ ਪਰਿਹਾਰ, ਸੇਲਜ਼ ਮੈਨੇਜਰ, ਸ਼੍ਰੀ ਸੰਕੇਤ ਪਾਟਿਲ, ਮਾਰਕੀਟਿੰਗ ਮੈਨੇਜਰ ਇਸ ਮੌਕੇ ਮੌਜੂਦ ਸਨ।

# ਗੁਲਸ਼ਨ ਕੌਰ ਸੇਠੀ ਦੀ ਪਹਿਲੀ ਸਾਲਾਨਾ ਬਰਸੀ ਮੌਕੇ ਵੱਖ-ਵੱਖ ਪ੍ਰਤੀਨਿਧਾਂ ਨੇ ਦਿੱਤੀ ਸ਼ਰਧਾਂਜਲੀ : ਕੁਲਵਿੰਦਰ ਸਿੰਘ ਬੈਨੀਪਾਲ

## ਸਿਮਰਜੀਤ ਸਿੰਘ ਬੈਂਸ, ਕੁਲਵਿੰਦਰ ਸਿੰਘ ਬੈਨੀਪਾਲ, ਹਰਪਾਲ ਸਿੰਘ ਕੋਹਲੀ, ਗੁਰਦੀਪ ਸਿੰਘ ਕਾਲੜਾ ਸਮੇਤ ਹੋਰਨਾਂ ਵੀ ਦਿੱਤੀ ਸ਼ਰਧਾਂਜਲੀ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ, ਲੁਧਿਆਣਾ ਵਿਖੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਚੇਅਰਮੈਨ ਬਲਜੀਤ ਸਿੰਘ ਸੇਠੀ ਦੀ ਧਰਮ ਪਤਨੀ ਜੋ ਕਿ ਇੱਕ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਸਾਲਾਨਾ ਪਹਿਲੀ ਬਰਸੀ ਮੌਕੇ ਭਾਈ ਉਂਕਾਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਲਸ਼ਨ ਸੇਠੀ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਦੱਸਿਆ ਕਿ ਉਹਨਾਂ ਨਾਲ ਉਹਨਾਂ ਦਾ ਬਹੁਤ ਪਿਆਰ ਸੀ ਅਤੇ ਜਦੋਂ ਵੀ ਉਹਨਾਂ ਨੂੰ ਮਿਲਦੇ ਤਾਂ ਪਿਆਰ ਨਾਲ ਸਾਨੂੰ ਕਈ ਗੱਲਾਂ ਸਮਝਾਉਂਦੇ ਹੁੰਦੇ ਸੀ । ਵੱਖ-ਵੱਖ ਵਰਗਾਂ ਦੇ ਪ੍ਰਤਿਨਿਧੀਆਂ ਨੇ ਸੇਠੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਗੁਲਸ਼ਨ ਕੌਰ ਸੇਠੀ ਨੂੰ ਸ਼ਰਧਾਂਜਲੀ ਭੇਟ ਕੀਤੀ। ਜਿਨ੍ਹਾਂ ਵਿੱਚ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਅਰਬਨ ਅਸਟੇਟ, ਫੇਸ-1 ਦੁੱਗਰੀ ਤੋਂ ਹਰਪਾਲ ਸਿੰਘ ਕੋਹਲੀ ਅਤੇ ਗੁਰੂ ਗਿਆਨ ਵਿਹਾਰ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੜਾ ਨੇ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਗੁਲਸ਼ਨ ਕੌਰ ਜੀ ਸੇਠੀ ਮਿੱਠਬੋਲੜੇ ਸੁਭਾਅ ਦੇ ਮਾਲਕ ਸਨ । ਉਹਨਾਂ ਦੇ ਜਾਣ ਨਾਲ ਸੇਠੀ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਬੜੀ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਇਕੱਠ ਤੋਂ ਪਤਾ ਲੱਗਦਾ ਸੀ ਕਿ ਸਮਾਜ ਵਿੱਚ ਉਹਨਾਂ ਦਾ ਕਿੰਨਾ ਪ੍ਰਭਾਵ ਸੀ। ਸੰਗਤਾਂ ਵਿੱਚ ਪੁਲਸ ਅਧਿਕਾਰੀ ਪਰਮਜੀਤ ਸਿੰਘ ਜੀ ਪੰਨੂ, ਜੱਜ ਜਸਪ੍ਰੀਤ ਸਿੰਘ ਜੀ ਅੰਮ੍ਰਿਤਸਰ ਸਾਹਿਬ ਤੋਂ ਉਚੇਚੇ ਤੌਰ ਤੇ ਆਏ। ਕਰਤਾਰ ਸਿੰਘ ਬਰਾੜ, ਪਰਮਿੰਦਰ ਸਿੰਘ, ਗੁਰਦੀਪ ਸਿੰਘ ਕਾਲੜਾ, ਸਰਬਜੀਤ ਸਿੰਘ ਚੱਗਰ, ਜਗਮੋਹਨ ਸਿੰਘ, ਹਰਪਾਲ ਸਿੰਘ ਕੋਹਲੀ, ਸੁਰਜੀਤ ਸਿੰਘ, ਸਿਮਰਨ ਕੌਰ, ਮਨਦੀਪ ਕੌਰ, ਗਗਨਦੀਪ ਸਿੰਘ ਭਾਟੀਆ, ਅਜੀਤਪਾਲ ਸਿੰਘ ਭਾਸੀਨ, ਚਰਨਜੀਤ ਸਿੰਘ ਪਾਇਲ, ਪਵਨ ਗੋਇਲ, ਯਸ਼ ਚੋਪੜਾ, ਆਰ ਐਸ ਕੋਹਲੀ, ਚਮਨ ਲਾਲ ਤਾਂਗੜੀ, ਕ੍ਰਿਸ਼ਨ ਠਾਕੁਰ, ਸੁਮੀਰ ਤਾਂਗੜੀ, ਜਪਕੀਰਤ ਸਿੰਘ ਅਤੇ ਹੋਰ ਹਾਜ਼ਰ ਸਨ ।

# ਖਾੜੀ ਯੁੱਧ ਦਾ ਅਸਰ: 100 ਗਜ਼ ਵਿੱਚ ਮਕਾਨ ਬਣਾਉਣੇ ਹੋਏ 2 ਲੱਖ ਤੱਕ ਮਹਿੰਗਾ

## ਸਰੀਆ , ਟਾਈਲਾਂ ਤੇ ਸੀਮੈਂਟ ਸੈਨਟਰੀ ਦਾ ਸਾਮਾਨ ਹੋਇਆ ਮਹਿੰਗਾ

**ਨਵਾਂਸ਼ਹਿਰ /ਕਾਠਗੜ੍ਹ 7 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )-** ਅਮਰੀਕਾ , ਇਰਾਕ ਤੇ ਈਰਾਨ ਯੁੱਧ ਦਾ ਅਸਰ ਹੁਣ ਦੇਖਣ ਨੂੰ ਮਿਲ ਰਿਹਾ ਹੈ । ਯੁੱਧ ਦੇ ਬਾਦ ਮਹਿੰਦੇ ਹੋਏ ਕੰਸਟਰਾਕਸ਼ਨ ਮਟੀਰੀਅਲ ਦਾ ਅਸਰ ਘਰ ਬਣਾਉਣ ਵਾਲਿਆਂ ਤੇ ਵੀ ਪੈ ਰਿਹਾ ਹੈ । ਸਰੀਆ, ਸੀਮੈਂਟ , ਟਾਈਲਾਂ ਤੇ ਸੈਨਟਰੀ ਦਾ ਸਮਾਨ ਕਾਫੀ ਮਹਿੰਗਾ ਹੋ ਗਿਆ ਹੈ । ਮਕਾਨ ਬਣਾਉਣ ਦੇ ਖਰਚ ਦੁੱਗਣਾ ਹੋ ਗਿਆ ਹੈ । 8 ਤੋਂ 10 ਪ੍ਰਤੀਸ਼ਤ ਲਾਗਤ ਵੱਧ ਗਈ ਹੈ । 100 ਗਜ਼ ਦਾ ਸਿੰਗਲ ਸਟੋਰੀ ਮਕਾਨ ਬਣਾਉਣ ਤੇ ਪਹਿਲਾਂ



16.50 ਲੱਖ ਰੁਪਏ ਖਰਚ ਆਉਂਦਾ ਸੀ ਜੋ ਹੁਣ 20 ਤੋਂ 22 ਲੱਖ ਰੁਪਏ ਤੱਕ ਹੋ ਗਿਆ ਹੈ ।

ਪਿਛਲੇ ਇਕ ਮਹੀਨੇ ਤੋਂ ਚੱਲ ਰਹੀ ਜੰਗ ਦਾ ਅਸਰ ਮਾਲ ਭਾੜੇ ਤੇ ਵੀ ਪਿਆ । ਕਾਰੋਬਾਰੀਆਂ ਦਾ ਕਹਿਣਾ ਹੈ ਕਿ ਮਕਾਨ ਵਿੱਚ ਲੱਗਣ ਵਾਲਾ ਸੀਮੈਂਟ , ਸਰੀਆਂ , ਪੱਥਰ, ਇੱਟਾਂ , ਟਾਈਲਾ , ਲੱਕੜੀ ,ਪਲਾਸਟਿਕ ਦੇ ਸਾਮਾਨ ਵਿੱਚ ਭਾਰੀ ਇਜਾਫਾ ਹੋਇਆ ਹੈ । ਇਸ ਤਰਾ ਪੇਂਟ ,ਕੈਮੀਕਲ ਆਦਿ ਦੇ ਰੇਟ ਵੀ ਵਧੇ ਹਨ । ਪ੍ਰੇਸ਼ਾਨੀ ਨੀ ਦੀ ਗੱਲ ਇਹ ਹੈ ਕਿ ਯੁੱਧ ਜਿੰਨਾ ਲੰਬਾ ਹੋਵੇਗਾ ਉਨਾ ਹੀ ਉਸਦਾ ਬੁਰਾ ਅਸਰ ਬਾਜ਼ਾਰ ਤੇ ਪਵੇਗਾ ।

# ਵਿਸਾਖੀ ਦੇ ਸੰਬੰਧ ਵਿੱਚ 26 ਅਪ੍ਰੈਲ ਨੂੰ ਲੈਸਟਰ ‘ਚ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ

## ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਵਿਖੇ ਹੋਵੇਗਾ ਸਮਾਪਤ

**ਲੈਸਟਰ (ਇੰਗਲੈਂਡ), 7 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਾਵਨ ਮੌਕੇ ਨੂੰ ਸਮਰਪਿਤ 26 ਅਪ੍ਰੈਲ ਦਿਨ ਐਤਵਾਰ ਨੂੰ ਇੰਗਲੈਂਡ ਦੇ ਸਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਹੋਲੀ ਬੋਨ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਤਰ ਛਾਇਆ ਹੇਠ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਸ਼ਾਨੋ-ਸ਼ੌਕਤ ਨਾਲ ਆਰੰਭ ਹੋਵੇਗਾ। ਨਗਰ ਕੀਰਤਨ ਵੱਖ-ਵੱਖ ਸਟਰੀਟਾ,, ਸੜਕਾਂ ਅਤੇ ਟਾਊਨ ਸੈਂਟਰ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਰੋਡ ਵਿਖੇ ਪੁੱਜੇਗਾ, ਜਿੱਥੇ ਅਰਦਾਸ ਉਪਰੰਤ ਵਿਸਾਲ ਧਾਰਮਿਕ ਦੀਵਾਨ ਸਜਾਏ ਜਾਣਗੇ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਸਾਝੇ ਤੋਰ ਤੇ ਦੱਸਿਆ ਕਿ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਇਹ ਨਗਰ ਕੀਰਤਨ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਦੌਰਾਨ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਪਵਿੱਤਰ ਪਾਲਕੀ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹੋਏ ਵੱਡੀ ਗਿਣਤੀ





ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ
ਰਾਜਮਨਵਿੰਦਰ ਸਿੰਘ ਕੰਗ ਰਾਜਾ ਕੰਗ ਮੁੱਖ ਬੁਲਾਰੇ ਤੀਰ ਗਰੁੱਪ।

ਵਿੱਚ ਸੰਗਤਾਂ ਸ਼ਿਰਕਤ ਕਰਨਗੀਆਂ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਅਤੇ ਖਾਲਸਾ ਪੰਥ ਦੀ ਮਹਾਨ ਪਰੰਪਰਾ ਅਤੇ ਵਿਸਾਖੀ ਦੇ ਇਤਿਹਾਸ ਬਾਰੇ ਸੰਦੇਸ਼ ਦਿੱਤੇ ਜਾਣਗੇ। ਇਸ ਮੌਕੇ ਤੇ ਨਿਹੰਗ ਸਿੰਘਾਂ ਵੱਲੋਂ ਗਤਕਾ ਦੇ ਦਿਲਚਸਪ ਪ੍ਰਦਰਸ਼ਨ ਵੀ ਕੀਤੇ ਜਾਣਗੇ , ਜੋ ਸਿੱਖ ਮਰਿਆਦਾ ਅਤੇ ਵੀਰਤਾ ਦੀ ਝਲਕ ਪੇਸ਼ ਕਰਨਗੇ।ਉਨ੍ਹਾਂ ਹੋਰ ਦੱਸਿਆ ਕਿ ਨਗਰ ਕੀਰਤਨ ਦੇ ਰਸਤੇ ਵਿੱਚ ਸਥਾਨਕ ਸੰਗਤਾਂ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਥਾਂ-ਥਾਂ ਤੇ ਲੰਗਰਾਂ ਦੀ ਵਿਵਸਥਾ ਕੀਤੀ ਜਾਵੇਗੀ, ਜਿੱਥੇ ਸੰਗਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸੁਆਦੀ ਲੰਗਰ ਵਰਤਾਏ ਜਾਣਗੇ। ਇਸ ਤੋਂ ਇਲਾਵਾ ਨਗਰ ਕੀਰਤਨ ਦਾ ਰਸਤੇ ਵਿੱਚ ਭਰਵਾਂ ਸਵਾਗਤ ਕੀਤਾ ਜਾਵੇਗਾ ਅਤੇ ਸੰਗਤਾਂ ਵੱਲੋਂ ਸੇਵਾ ਭਾਵਨਾ ਨਾਲ ਪਾਣੀ, ਫਲ ਅਤੇ ਹੋਰ ਪ੍ਰਸਾਦ ਦੀ ਸੇਵਾ ਨਿਭਾਈ ਜਾਵੇਗੀ।ਉਨ੍ਹਾਂ ਕਿਹਾ ਕਿ ਵਿਸਾਖੀ ਦੇ ਇਸ ਪਾਵਨ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਨੂੰ ਲੈ ਕੇ ਇਲਾਕੇ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਉਤਸੁਕ ਹਨ। ਪ੍ਰਬੰਧਕ ਕਮੇਟੀ ਵੱਲੋਂ ਵੀ ਸਮੂਹ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਹ ਨਗਰ ਕੀਰਤਨ ਪੂਰੀ ਸ਼ਾਨੋ-ਸ਼ੌਕਤ, ਅਨੁਸ਼ਾਸਨ ਅਤੇ ਗੁਰੂ ਮਰਿਆਦਾ ਅਨੁਸਾਰ ਸਜਾਇਆ ਜਾ ਸਕੇ।ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਅਤੇ ਨਗਰ ਕੀਰਤਨ ਦੀ ਰੌਣਕ ਵਿੱਚ ਵਾਧਾ ਕਰਨ।

# ਲੈਸਟਰ ਦੇ ਪਾਰਕ ਵਿੱਚ ਮ੍ਰਿਤਕ ਮਿਲੇ ਵਿਅਕਤੀ ਦੀ ਮੌਤ ਸਬੰਧੀ ਇਕ ਗ੍ਰਿਫ਼ਤਾਰ

**ਲੈਸਟਰ (ਇੰਗਲੈਂਡ), 7 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਲੈਸਟਰ ਦੇ ਬਿਊਮੌਂਟ ਲੇਜ਼ ਪਾਰਕ ਵਿੱਚ ਇਕ 62 ਸਾਲਾ ਵਿਅਕਤੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋਣ ਦੇ ਮਾਮਲੇ ਵਿੱਚ ਪੁਲਿਸ ਨੇ ਇਕ 33 ਸਾਲਾ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ ਸੋਮਵਾਰ ਸ਼ਾਮ ਉਸ ਵੇਲੇ ਸਾਹਮਣੇ ਆਈ ਜਦੋਂ ਪਾਰਕ ਵਿੱਚ ਇਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਿਆ ਹੋਇਆ ਦੇਖ ਕੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ। ਪੁਲਿਸ ਅਨੁਸਾਰ ਸੋਮਵਾਰ ਸ਼ਾਮ ਕਰੀਬ 7 ਵਜੇ ਈਸਟ ਮਿਡਲੈਂਡਜ਼ ਐਂਬੂਲੈਂਸ ਸਰਵਿਸ ਨੂੰ ਬਿਊਮੌਂਟ ਲੇਜ਼ ਪਾਰਕ ਵਿੱਚ ਇਕ ਬੇਹੋਸ਼ ਵਿਅਕਤੀ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਸੀ। ਇਹ ਪਾਰਕ ਨੇੜਲੇ ਰਿਟੇਲ ਇਲਾਕੇ ਦੇ ਕੋਲ ਸਥਿਤ ਹੈ। ਮੌਕੇ ’ਤੇ ਪਹੁੰਚੇ ਪੈਰਾਮੈਡਿਕਸ ਨੇ 62 ਸਾਲਾ ਵਿਅਕਤੀ ਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ, ਪਰ ਗੰਭੀਰ ਚੋਟਾਂ ਕਾਰਨ ਡਾਕਟਰਾਂ ਵੱਲੋਂ ਉਸ ਨੂੰ ਬਚਾਇਆ ਨਾ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ। ਲੈਸਟਰਸ਼ਾਇਰ ਪੁਲਿਸ ਨੇ ਦੱਸਿਆ ਹੈ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਵੱਲੋਂ ਇਸ ਵੇਲੇ ਉਸ ਦੇ ਪਰਿਵਾਰ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਵਿਸ਼ੇਸ਼ ਅਧਿਕਾਰੀਆਂ ਰਾਹੀਂ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਇਕ 33 ਸਾਲਾ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਦੇ ਮੱਦੇਨਜ਼ਰ ਪੁਲਿਸ ਨੇ ਬਿਊਮੌਂਟ ਲੇਜ਼ ਪਾਰਕ ਦੇ ਆਲੇ ਦੁਆਲੇ ਕੇਰੇਫੈਲਡ ਵੇਅ ਅਤੇ ਬਿਊਮੌਂਟ ਵੇਅ ਦਰਮਿਆਨ ਇਲਾਕੇ ਨੂੰ ਘੇਰਾਬੰਦੀ ਕਰ ਦਿੱਤਾ ਹੈ, ਜਿੱਥੇ ਮਾਹਿਰ ਫੋਰੈਂਸਿਕ ਟੀਮਾਂ ਵੱਲੋਂ ਘਟਨਾ ਸਥਾਨ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਈਸਟ ਮਿਡਲੈਂਡਜ਼ ਮਰਡਰ ਇਨਵੈਸਟਿਗੇਸ਼ਨ ਟੀਮ ਦੇ ਡਿਟੈਕਟਿਵ ਇੰਸਪੈਕਟਰ ਕੇਵਿਨ ਹੈਮਜ਼ ਨੇ ਦੱਸਿਆ ਕਿ ਪੁਲਿਸ ਦੀ ਜਾਂਚ ਇਸ ਸਮੇਂ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਅਧਿਕਾਰੀ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਘਟਨਾ ਤੋਂ ਪਹਿਲਾਂ ਕੀ ਕੁਝ ਵਾਪਰਿਆ ਸੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਘਰ-ਘਰ ਜਾ ਕੇ ਲੋਕਾਂ ਨਾਲ ਪੁੱਛਗਿੱਛ ਵੀ ਕੀਤੀ ਜਾ ਰਹੀ ਹੈ ਤਾਂ ਜੋ ਘਟਨਾ ਬਾਰੇ ਹੋਰ ਜਾਣਕਾਰੀ ਮਿਲ ਸਕੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵਿਅਕਤੀ ਉਸ ਸ਼ਾਮ ਬਿਊਮੌਂਟ ਲੇਜ਼ ਪਾਰਕ ਜਾਂ ਉਸ ਦੇ ਆਲੇ ਦੁਆਲੇ ਮੌਜੂਦ ਸੀ ਅਤੇ ਉਸ ਨੇ ਕੋਈ ਸ਼ੱਕੀ ਗਤੀਵਿਧੀ ਦੇਖੀ ਜਾਂ ਸੁਣੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਦਾ ਕਹਿਣਾ ਹੈ ਕਿ ਛੋਟੀ ਤੋਂ ਛੋਟੀ ਜਾਣਕਾਰੀ ਵੀ ਜਾਂਚ ਵਿੱਚ ਅਹਿਮ ਸਾਬਤ ਹੋ ਸਕਦੀ ਹੈ।ਇਸ ਘਟਨਾ ਤੋਂ ਬਾਅਦ ਸਥਾਨਕ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਪੁਲਿਸ ਵੱਲੋਂ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸੱਚਾਈ ਸਾਹਮਣੇ ਲਿਆਂਦੀ ਜਾਵੇਗੀ।

# ਭਲੂਰ 'ਚ ਤੇਜ਼ ਗੜ੍ਹੇਮਾਰੀ ਤੇ ਮੀਂਹ ਨੇ ਮਧੋਲੀ ਕਣਕ ਦੀ ਫ਼ਸਲ

## ਕਿਸਾਨੀ ਨੂੰ ਤਬਾਹ ਕਰਨ ਵਾਲੀ ਹੈ ਮੌਸਮ ਦੀ ਖਲਬਲੀ

**ਭਲੂਰ/ਬੇਅੰਤ ਗਿੱਲ**

ਮੌਸਮ ਬੇਹੱਦ ਕਹਿਰਵਾਨ ਹੋ ਚੁੱਕਾ ਹੈ। ਜ਼ਿਲ੍ਹਾ ਮੋਗਾ ਦੇ ਕੁਝ ਪਿੰਡਾਂ ਅੰਦਰ ਲੰਬਾ ਸਮਾਂ ਤੇਜ਼ ਰਫ਼ਤਾਰ ਨਾਲ ਮੀਂਹ ਤੇ ਗੜ੍ਹੇਮਾਰੀ ਹੋਈ। ਦਰਿਆਵਾਂ ਦੇ ਪਾਣੀਆਂ ਵਾਂਗ ਗਲੀਆਂ ਵਿੱਚੋ ਮੀਂਹ ਦਾ ਪਾਣੀ ਲੰਘ ਰਿਹਾ ਹੈ। ਲੋਕ ਅਰਦਾਸਾਂ ਬੇਨਤੀਆਂ ਕਰ ਰਹੇ ਹਨ। ਇਹ ਵਕ਼ਤ ਪੱਕੀਆਂ ਫ਼ਸਲਾਂ ਤੇ ਕੱਚੀਆਂ ਛੱਤਾਂ ਲਈ ਕਹਿਰ ਬਣ ਗਿਆ ਹੈ। ਕਿਰਤੀ ਲੋਕਾਂ ਦੀ ਜਾਨ ਮੁੱਠੀ ਵਿਚ ਆ ਗਈ ਹੈ। ਮੌਸਮ ਦੀ ਖਲਬਲੀ ਛੋਟੇ ਕਿਸਾਨਾਂ ਨੂੰ ਤਬਾਹ ਕਰਨ ਵਾਲੀ ਹੈ। ਦਿਹਾੜੀ ਦੱਪਾ ਕਰਨ ਵਾਲੇ ਲੋਕ ਪ੍ਰੇਸ਼ਾਨੀ ਵਿੱਚ ਹਨ। ਕਿਸਾਨ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਤਬਾਹ ਹੋ ਰਹੀ ਹੈ। ਦੱਸ ਦੇਈਏ ਕਿ ਭਲੂਰ ਦੇ ਆਸ-ਪਾਸ ਅੱਜ ਭਾਰੀ ਮੀਂਹ ਤੇ ਗੜ੍ਹੇਮਾਰੀ ਨੇ ਵੱਡਾ ਨੁਕਸਾਨ ਕੀਤਾ ਹੈ। ਹਾਲੇ ਵੀ ਸਿਰ 'ਤੇ ਕਾਲੇ ਬੱਦਲ ਮੰਡਰਾਉਂਦੇ ਫਿਰ ਰਹੇ ਹਨ। ਮੌਸਮ ਦਾ ਇਸ ਤਰ੍ਹਾਂ ਵਿਗੜ ਜਾਣਾ ਮੁਸੀਬਤ ਬਣ ਗਿਆ ਹੈ। ਇਸ ਦੀ ਭਰਪਾਈ ਕੌਣ ਕਰੇਗਾ ? ਕੀ ਸਰਕਾਰਾਂ ਲੋਕਾਂ ਲਈ ਸੰਜੀਦਾ ਹਨ ?



ਭਾਵੇਂ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਉਹ ਨੁਕਸਾਨੀਆਂ ਫ਼ਸਲਾਂ ਦਾ ਮੁਆਵਜ਼ਾ ਦੇਣਗੇ, ਪਰ ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰਾਂ ਹਮੇਸ਼ਾ ਫੋਕੀ ਬਿਆਨਬਾਜ਼ੀ ਨਾਲ ਕਿਸਾਨੀ ਦਾ ਮਜ਼ਾਕ ਹੀ ਉਡਾਉਂਦੀਆਂ ਹਨ। ਚਿੰਤਾ ਵਿਚ ਡੁੱਬੇ ਲੋਕਾਂ ਨੇ ਕਿਹਾ ਕਿ ਜੇਕਰ ਮੌਸਮ ਦੀ ਬੇਰੁੱਖੀ ਬਰਕਰਾਰ ਰਹੀ ਤਾਂ ਜੀਵਨ ਬਸ਼ਰ ਔਖਾ ਹੋ ਜਾਵੇਗਾ। ਦਿਹਾੜੀ ਦੱਪਾ ਕਰਕੇ ਪਰਿਵਾਰ ਪਾਲਣ ਵਾਲੇ ਕਿਰਤੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਲਈ ਇਹ ਸਮਾਂ ਬੇਹੱਦ ਘਾਤਕ ਬਣ ਚੁੱਕਾ ਹੈ। ਇਸ ਤਰ੍ਹਾਂ ਫ਼ਿਕਰਮੰਦੀ ਵਿਚ ਘਿਰੇ ਲੋਕ ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਇਸ ਮੌਕੇ ਕਣਕ ਦੀ ਫ਼ਸਲ ਪੱਕ ਕੇ ਤਿਆਰ ਖੜ੍ਹੀ ਹੈ। ਬੇਮੌਸਮਾ ਮੀਂਹ ਵਰ੍ਹ ਰਿਹਾ ਹੈ। ਲੋਕਾਂ ਦੀ ਜਾਨ ਮੁੱਠੀ ਵਿਚ ਆਉਣੀ ਸੁਭਾਵਿਕ ਹੈ। ਮੌਸਮ ਵਿਗਿਆਨੀਆਂ ਨੇ 7 ਅਤੇ 8 ਅਪ੍ਰੈਲ ਨੂੰ ਪੰਜਾਬ ਵਿੱਚ ਭਾਰੀ ਮੀਂਹ ਪੈਣ ਦੀ ਖ਼ਬਰ ਦਿੱਤੀ ਹੈ। ਇਸ ਚਿਤਾਵਨੀ ਨੇ ਕਿਸਾਨਾਂ ਦੇ ਸਾਹ ਸੂਤ ਰੱਖੇ ਹਨ। ਪੰਜਾਬ ਵਿੱਚ ਕਈ ਥਾਵਾਂ 'ਤੇ ਕਿਸਾਨਾਂ ਨੇ ਫ਼ਸਲ ਕੱਟਣ ਦਾ ਕੰਮ ਤੇਜ ਕੀਤਾ ਹੈ। ਪ੍ਰੰਤੂ ਵੱਡੇ ਪੱਧਰ 'ਤੇ ਕਣਕ ਦੀ ਫ਼ਸਲ ਖੁੱਲ੍ਹੇ ਅਸਮਾਨ ਥੱਲੇ ਖੇਤਾਂ ਵਿਚ ਖੜ੍ਹੀ ਹੈ , ਜਿਸ ਕਰਕੇ ਕਿਸਾਨ ਦੀ ਚਿੰਤਾ ਵੱਡੀ ਹੈ।

# ਤੀਜਾ ਖਾਟੂ ਸ਼ਾਮ ਸੰਧਿਆ ‘ਚ ਭਗਤਾਂ ਦੀ ਉਮੜੀ ਭਾਰੀ ਭੀੜ, ਭਜਨਾਂ ਨਾਲ ਰੰਗਿਆ ਗਿਆ ਮੋਰਿੰਡਾ

**ਮੋਰਿੰਡਾ, 7 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)–** ਸ਼ਹਿਰ ਵਿੱਚ ਧਾਰਮਿਕ ਭਾਵਨਾ ਅਤੇ ਭਗਤੀ ਰੰਗ ਨਾਲ ਰੰਗਿਆ ਇਕ ਵਿਸ਼ਾਲ ਸਮਾਗਮ ਉਸ ਵੇਲੇ ਦੇਖਣ ਨੂੰ ਮਿਲਿਆ ਜਦੋਂ ਸ਼ਾਮ ਬਾਵਰੇ ਮੰਡਲ ਵੱਲੋਂ ਤੀਜੀ ਵਾਰ ਖਾਟੂ ਸ਼ਾਮ ਜੀ ਦੀ ਭਵਿਆ ਸੰਧਿਆ ਦਾ ਆਯੋਜਨ ਕੀਤਾ ਗਿਆ। ਇਸ ਪਾਵਨ ਮੌਕੇ ‘ਤੇ ਵਿਸ਼ਵ ਪ੍ਰਸਿੱਧ ਸੰਤ ਬਾਬਾ ਸ਼੍ਰੀ ਚਿੱਤਰ ਵਿਚਿੱਤਰ ਬਿਹਾਰੀ ਦਾਸ ਜੀ ਮਹਾਰਾਜ ਨੇ ਆਪਣੇ ਰਸਭਰੇ ਭਜਨਾਂ ਰਾਹੀਂ ਸੰਗਤ ਨੂੰ ਭਗਤੀ ਰੰਗ ਵਿੱਚ ਡੁੱਬੋ ਦਿੱਤਾ। ਮੰਡਲ ਦੇ ਪ੍ਰਧਾਨ ਦਿਨੇਸ਼ ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਸ਼ਹਿਰ ਦੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਵਰਗਾਂ ਦੇ ਸਹਿਯੋਗ ਨਾਲ ਲਗਾਤਾਰ ਤੀਸਰੇ ਸਾਲ ਕਰਵਾਇਆ ਗਿਆ ਹੈ। ਇਸ ਵਾਰ ਭਗਤਾਂ ਦਾ ਜੋਸ਼ ਅਤੇ ਸ਼ਰਧਾ ਦੇਖਣਯੋਗ ਸੀ, ਕਿਉਂਕਿ ਪਿਛਲੇ ਸਾਲਾਂ ਨਾਲੋਂ ਵੱਧ



ਸੰਖਿਆ ਵਿੱਚ ਲੋਕ ਪ੍ਰਭੂ ਦੇ ਗੁਣਗਾਨ ਦਾ ਆਨੰਦ ਲੈਣ ਲਈ ਇਕੱਠੇ ਹੋਏ।ਸਮਾਗਮ ਦੌਰਾਨ ਭਜਨਾਂ ਦੀ ਰਸਭਰੀ ਧੁਨ ਨੇ ਮਾਹੌਲ ਨੂੰ ਭਗਤੀਮਈ ਬਣਾ ਦਿੱਤਾ ਅਤੇ ਹਾਜ਼ਰੀਨ ਨੇ ਬਿਹਾਰੀ ਜੀ ਦੇ ਕੀਰਤਨ ਵਿੱਚ ਡੂੰਘੀ ਆਤਮਿਕ ਸ਼ਾਂਤੀ ਮਹਿਸੂਸ ਕੀਤੀ। ਇਸ ਮੌਕੇ ਕਈ ਪ੍ਰਮੁੱਖ ਸ਼ਖਸੀਅਤਾਂ ਵੀ ਸ਼ਾਮਿਲ ਹੋਈਆਂ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਸਰਦਾਰ ਚਰਨਜੀਤ ਸਿੰਘ ਦੇ ਸਪੁੱਤਰ ਨਵਦੀਪ ਸਿੰਘ ਨਵੀ , ਹਲਕਾ ਚਮਕੌਰ ਸਾਹਿਬ ਦੇ ਐਮਐਲਏ ਡਾ. ਚਰਨਜੀਤ ਸਿੰਘ, ਭਾਜਪਾ ਤੋਂ ਅਮਨਪ੍ਰੀਤ ਕੌਰ ਰਾਏ, ਮੋਰਿੰਡਾ ਨਗਰ ਕੌਂਸਲ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਖਰੜ ਤੋਂ ਕਾਂਗਰਸੀ ਆਗੂ ਵਿਜੇ ਸ਼ਰਮਾ ਟਿੰਕੂ, ਅਕਾਲੀ ਦਲ ਦੇ ਹਲਕਾ ਇੰਚਾਰਜ ਹਰਮੋਹਣ ਸਿੰਘ ਸੰਧੂ, ਮਹਿਕ ਮਹੰਤ, ਹਰਮਨਦੀਪ ਸਿੰਘ ਖਾਲਸਾ ਬਰਤਨ ਸਟੋਰ, ਸਤੀਸ਼ ਭਾਟੀਆ ਸਮੇਤ ਕਈ ਐਮਸੀ ਸਾਹਿਬਾਨ ਮੌਜੂਦ ਰਹੇ। ਅਖ਼ੀਰ ਵਿੱਚ ਮੰਡਲ ਵੱਲੋਂ ਸਮਾਗਮ ਨੂੰ ਸਫਲ ਬਣਾਉਣ ਲਈ ਸਾਰੇ ਸਹਿਯੋਗੀਆਂ ਅਤੇ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਇੰਗਲੈਂਡ ਵਿੱਚ ਡਾਕਟਰਾਂ ਦੀ ਛੇ ਦਿਨਾਂ ਹੜਤਾਲ ਸ਼ੁਰੂ, ਸਿਹਤ ਸੇਵਾਵਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ

**ਲੈਸਟਰ (ਇੰਗਲੈਂਡ), 7 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਵਿੱਚ ਰਿਹਾਇਸ਼ੀ ਡਾਕਟਰਾਂ (ਪਹਿਲਾਂ ਜੂਨੀਅਰ ਡਾਕਟਰ ਕਹੇ ਜਾਂਦੇ) ਵੱਲੋਂ ਤਨਖਾਹ ਸਬੰਧੀ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਚਲਦਿਆਂ ਮੰਗਲਵਾਰ ਸਵੇਰੇ 7 ਵਜੇ ਤੋਂ ਛੇ ਦਿਨਾਂ ਦੀ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਕਾਰਨ ਐਨਐਚਐਸ ਦੀਆਂ ਸਿਹਤ ਸੇਵਾਵਾਂ ਵਿੱਚ ਵੱਡਾ ਵਿਘਨ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਇਹ ਹੜਤਾਲ ਇਸ ਚੱਲ ਰਹੇ ਵਿਵਾਦ ਦੌਰਾਨ ਡਾਕਟਰਾਂ ਦੀ 15ਵੀਂ ਹੜਤਾਲ ਹੈ। ਐਨਐਚਐਸ ਵਿੱਚ ਰਿਹਾਇਸ਼ੀ ਡਾਕਟਰ ਕਰੀਬ ਅੱਧੀ ਮੈਡੀਕਲ ਵਰਕਫੋਰਸ ਬਣਾਉਂਦੇ ਹਨ, ਇਸ ਕਰਕੇ ਹੜਤਾਲ ਦੇ ਦੌਰਾਨ ਕਈ ਪਹਿਲਾਂ ਤੋਂ ਨਿਯਤ ਇਲਾਜ ਅਤੇ ਮੀਟਿੰਗਾਂ ਰੱਦ ਹੋ ਸਕਦੀਆਂ ਹਨ।

ਸਰਕਾਰ ਅਤੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀਐਮਏ) ਵਿਚਾਲੇ ਮਾਰਚ ਮਹੀਨੇ ਦੌਰਾਨ ਹੋਈਆਂ ਗੱਲਬਾਤਾਂ ਨਾਕਾਮ ਰਹਿਣ ਤੋਂ ਬਾਅਦ ਬੀਐਮਏ ਦੇ ਮੈਂਬਰ ਡਾਕਟਰਾਂ ਨੇ ਹੜਤਾਲ ਦਾ ਫ਼ੈਸਲਾ ਕੀਤਾ। ਹਾਲਾਂਕਿ ਐਮਰਜੈਂਸੀ ਸੇਵਾਵਾਂ ਨੂੰ ਚੱਲਦਾ ਰੱਖਣ ਲਈ ਸੀਨੀਅਰ ਡਾਕਟਰਾਂ ਨੂੰ ਡਿਊਟੀ 'ਤੇ ਲਾਇਆ ਗਿਆ ਹੈ।

ਐਨਐਚਐਸ ਵੱਲੋਂ ਮਰੀਜ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਤੁਰੰਤ ਜਾਂ ਐਮਰਜੈਂਸੀ ਸਹਾਇਤਾ ਦੀ ਲੋੜ ਹੋਵੇ ਤਾਂ ਉਹ 999 ਜਾਂ 111 ਨੰਬਰਾਂ 'ਤੇ ਸੰਪਰਕ ਕਰਨ ਵਿੱਚ ਕੋਈ ਹਿਚਕਿਚਾਹਟ ਨਾ ਕਰਨ। ਜਿਨ੍ਹਾਂ ਮਰੀਜ਼ਾਂ ਦੀ ਪਹਿਲਾਂ ਤੋਂ




ਹੜਤਾਲ ਦੌਰਾਨ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਡਾਕਟਰ। ਤਸਵੀਰ :- ਸੁਖਜਿੰਦਰ ਸਿੰਘ ਢੱਡੇ

ਅਪਾਇੰਟਮੈਂਟ ਹੈ ਉਹ ਤਦ ਤੱਕ ਹਸਪਤਾਲ ਪਹੁੰਚਣ ਜਾਰੀ ਰੱਖਣ ਜਦ ਤੱਕ ਉਨ੍ਹਾਂ ਨੂੰ ਰੱਦ ਹੋਣ ਬਾਰੇ ਸੂਚਨਾ ਨਾ ਮਿਲੇ। ਜੀਪੀ ਸੇਵਾਵਾਂ ਜ਼ਿਆਦਾਤਰ ਅਣਪ੍ਰਭਾਵਿਤ ਰਹਿਣਗੀਆਂ।

ਬ੍ਰਿਟੇਨ ਦੇ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਨੇ ਕਿਹਾ ਕਿ ਕਰੀਬ 95 ਫ਼ੀਸਦੀ ਅਪਾਇੰਟਮੈਂਟਾਂ ਹਾਲੇ ਵੀ ਜਾਰੀ ਹਨ, ਹਾਲਾਂਕਿ ਕੁਝ ਮਰੀਜ਼ਾਂ ਨੂੰ ਰੱਦ ਹੋਈਆਂ ਮੀਟਿੰਗਾਂ ਕਾਰਨ ਪਰੇਸ਼ਾਨੀ ਹੋ ਸਕਦੀ ਹੈ, ਜਿਸ ਲਈ ਉਨ੍ਹਾਂ ਨੇ ਅਫਸੋਸ ਵੀ ਜ਼ਾਹਰ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਬੀਐਮਏ ਨਾਲ "ਸੱਚੇ ਮਨ ਨਾਲ" ਗੱਲਬਾਤ ਕੀਤੀ ਸੀ ਪਰ ਡਾਕਟਰਾਂ ਵੱਲੋਂ ਨਵੀਂ ਪੇਸ਼ਕਸ਼ ਸਵੀਕਾਰ ਨਹੀਂ ਕੀਤੀ ਗਈ।

ਦੂਜੇ ਪਾਸੇ ਬੀਐਮਏ ਦੇ ਰਿਹਾਇਸ਼ੀ ਡਾਕਟਰ ਕਮੇਟੀ ਦੇ ਮੁਖੀ ਡਾ. ਜੈਕ ਫਲੈਚਰ ਨੇ ਕਿਹਾ ਕਿ ਉਹ ਮਰੀਜ਼ਾਂ ਨੂੰ ਹੋ ਰਹੀ ਅਸੁਵਿਧਾ ਲਈ ਦੁੱਖੀ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਡਾਕਟਰਾਂ ਦੀ ਤਨਖਾਹ ਮਹਿਲਾਈ ਨੂੰ ਧਿਆਨ ਵਿੱਚ ਰੱਖਦਿਆਂ 2008 ਨਾਲੋਂ ਅਜੇ ਵੀ ਘੱਟ ਹੈ। ਉਨ੍ਹਾਂ ਕਿਹਾ ਕਿ ਹੱਲ ਸਿਰਫ਼ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ।

ਸਰਕਾਰ ਦੇ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਡਾਕਟਰਾਂ ਦੀ ਤਨਖਾਹ ਵਿੱਚ ਲਗਭਗ 33 ਫ਼ੀਸਦੀ ਵਾਧਾ ਹੋਇਆ ਹੈ ਅਤੇ ਇਸ ਸਾਲ ਵੀ 3.5 ਫ਼ੀਸਦੀ ਦਾ ਵਾਧਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਨਵੇਂ ਡਾਕਟਰਾਂ ਦੀ ਸ਼ੁਰੂਆਤੀ ਤਨਖਾਹ ਹੁਣ ਕਰੀਬ £40,000 ਹੈ ਜਦਕਿ ਸਭ ਤੋਂ ਸੀਨੀਅਰ ਰਿਹਾਇਸ਼ੀ ਡਾਕਟਰਾਂ ਦੀ ਬੁਨਿਆਦੀ ਤਨਖਾਹ £76,500 ਤੱਕ ਪਹੁੰਚਦੀ ਹੈ।

ਸਰਕਾਰ ਦਾ ਕਹਿਣਾ ਹੈ ਕਿ ਹੜਤਾਲਾਂ ਕਾਰਨ ਐਨਐਚਐਸ ਨੂੰ ਹਰ ਦਿਨ ਕਰੀਬ £50 ਮਿਲੀਅਨ ਦਾ ਨੁਕਸਾਨ ਹੋ ਰਿਹਾ ਹੈ ਅਤੇ ਮਾਰਚ 2023 ਤੋਂ ਹੁਣ ਤੱਕ ਇਸ ਉਦਯੋਗਿਕ ਕਾਰਵਾਈ ਕਾਰਨ ਸਿਹਤ ਸੇਵਾ ਨੂੰ ਲਗਭਗ £3 ਬਿਲੀਅਨ ਦਾ ਖਰਚਾ ਝੇਲਣਾ ਪਿਆ ਹੈ।

ਇਸ ਦਰਮਿਆਨ ਤਾਜ਼ਾ ਸਰਵੇਖਣਾਂ ਮੁਤਾਬਕ ਕਰੀਬ 53 ਫ਼ੀਸਦੀ ਲੋਕ ਹੜਤਾਲ ਦੇ ਵਿਰੋਧ ਵਿੱਚ ਹਨ ਜਦਕਿ 38 ਫ਼ੀਸਦੀ ਲੋਕ ਡਾਕਟਰਾਂ ਦੇ ਸਮਰਥਨ ਵਿੱਚ ਹਨ। ਹੜਤਾਲ ਦੇ ਕਾਰਨ ਕਈ ਮਰੀਜ਼ਾਂ ਦੇ ਇਲਾਜ ਅਤੇ ਮੀਟਿੰਗਾਂ ਮੁਲਤਵੀ ਹੋ ਰਹੀਆਂ ਹਨ ਜਿਸ ਨਾਲ ਸਿਹਤ ਪ੍ਰਣਾਲੀ 'ਤੇ ਵਾਧੂ ਦਬਾਅ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਪੰਜਵੀਂ ਜਮਾਤ ਦੀ ਪ੍ਰੀਖਿਆ ਚੋਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚੇ ਬੀ ਪੀ ਈ ਓ ਸੰਧੂ ਵੱਲੋਂ ਸਨਮਾਨਿਤ

## ਬੱਚਿਆਂ ਦੀ ਹੌਸਲਾ ਅਫਜਾਈ ਉਹਨਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ: ਬਾਸੀਆਂ

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਹਾਲ ਹੀ ਵਿੱਚ ਪੰਜਵੀਂ ਜਮਾਤ ਦੇ ਨਤੀਜੇ ਐਲਾਨੇ ਗਏ ਸਨ। ਸਰਕਾਰੀ ਪ੍ਰਾਇਮਰੀ ਸਕੂਲ ਬਾਸੀਆਂ ਬੇਟ ਬਲਾਕ ਸਿੱਧਵਾਂ ਬੇਟ 2 ਵਿਖੇ ਇਹਨਾਂ ਨਤੀਜਿਆਂ ਚੋਂ ਪਹਿਲੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਲਈ ਇੱਕ ਸਨਮਾਨ ਸਮਾਰੋਹ ਸਕੂਲ ਹੈਡ ਟੀਚਰ ਸ਼੍ਰੀਮਤੀ ਰਾਜਿੰਦਰ ਕੌਰ ਦੀ ਅਗਵਾਈ ਚ ਰੱਖਿਆ ਗਿਆ, ਜਿਸ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਮਨਜੀਤ ਸਿੰਘ ਸੰਧੂ ਤੇ ਸਰਪੰਚ ਪ੍ਰੇਮ ਸਿੰਘ ਸੇਖੋਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਬਲਾਕ ਰਿਸੋਰਸ ਕੋਆਰਡੀਨੇਟਰ ਬਲਵੀਰ ਸਿੰਘ ਬਾਸੀਆਂ ਨੇ ਦੱਸਿਆ ਕਿ ਅਕੈਡਮਿਕ




ਸਪੋਰਟ ਗਰੁੱਪ ਬਲਾਕ ਸਿੱਧਵਾਂ ਬੇਟ 2 ਵੱਲੋਂ ਇਹਨਾਂ ਬੱਚਿਆਂ ਨਾਲ ਵਿਸ਼ੇਸ਼ ਵਾਅਦਾ ਕੀਤਾ ਗਿਆ ਸੀ ਕਿ 90 ਪ੍ਰਤੀਸ਼ਤ ਤੋਂ ਵੱਧ ਅੰਕ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਤੇ ਅੱਜ ਸਕੂਲ ਦੇ ਤਿੰਨ ਬੱਚੇ, ਜਿਹਨਾਂ ਵਿੱਚ ਚੰਦਰਸੇਨ, ਆਰਤੀ ਅਤੇ ਦਿਲਪ੍ਰੀਤ ਕੌਰ ਨੇ 90% ਤੋਂ ਵੱਧ ਅੰਕ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਉਹਨਾਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਆਪਣੀ ਪੜ੍ਹਾਈ ਪੂਰੀ ਮਿਹਨਤ ਤੇ ਲਗਨ ਨਾਲ ਕਰਨ ਲਈ ਪ੍ਰੇਰਿਤ ਕੀਤਾ। ਸਰਪੰਚ ਪ੍ਰੇਮ ਸਿੰਘ ਸੇਖੋਂ ਵੱਲੋਂ ਵੀ ਭਵਿੱਖ ਚ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਦਾ ਸਿਲਸਿਲਾ ਜਾਰੀ ਰੱਖਣ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਸੈਂਟਰ ਹੈੱਡ ਟੀਚਰ ਸ਼੍ਰੀਮਤੀ ਸੁਖਦੀਪ ਕੌਰ ਪੁੜੈਣ,ਬਲਾਕ ਰਿਸੋਰਸ ਕੋਆਰਡੀਨੇਟਰ ਦੇਵਿੰਦਰ ਸਿੰਘ ਮਾਣੀਏਵਾਲ, ਮੈਡਮ ਸ਼ਰਨਜੀਤ ਕੌਰ, ਮੈਡਮ ਸਰਬਜੀਤ ਕੌਰ, ਅਮਨਦੀਪ ਸਿੰਘ ਪੰਚ, ਪ੍ਰਿਤਪਾਲ ਸਿੰਘ ਸਮੇਤ ਬੱਚਿਆਂ ਦੇ ਮਾਪੇ ਹਾਜਰ ਸਨ।

# ਸਿਹਤਮੰਦ ਜੀਵਨਸ਼ੈਲੀ ਅਪਣਾਓ – ਚੰਗੀਆਂ ਆਦਤਾਂ ਲੰਮੀ ਉਮਰ ਦਾ ਰਾਜ : ਡਾ. ਰੇਣੂ ਮਿੱਤਲ

## ਵਿਸ਼ਵ ਸਿਹਤ ਦਿਵਸ ਮੌਕੇ ਜ਼ਿਲ੍ਹਾ ਨਿਵਾਸੀਆਂ ਦੇ ਨਾਮ ਜਾਗਰੂਕਤਾ ਸੰਦੇਸ਼

**ਨਵਾਂਸ਼ਹਿਰ, 7 ਅਪ੍ਰੈਲ (ਮਨੋਰੰਜਨ ਕਾਲੀਆ):** ਕਾਰਜਕਾਰੀ ਸਿਵਲ ਸਰਜਨ-ਕਮ-ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਣੂ ਮਿੱਤਲ ਨੇ ਮੰਗਲਵਾਰ ਨੂੰ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵਿਸ਼ਵ ਸਿਹਤ ਦਿਵਸ ਮੌਕੇ ਜ਼ਿਲ੍ਹਾ ਨਿਵਾਸੀਆਂ ਦੇ ਨਾਮ ਆਪਣਾ ਜਾਗਰੂਕਤਾ ਸੰਦੇਸ਼ ਦਿੱਤਾ ਹੈ। ਇਸ ਸਾਲ ਵਿਸ਼ਵ ਸਿਹਤ ਦਿਵਸ ਦਾ ਥੀਮ "ਸਿਹਤ ਲਈ ਇਕੱਠੇ ਵਿਗਿਆਨ ਦੇ ਨਾਲ ਖੜ੍ਹੇ ਰਹੋ" ਰੱਖਿਆ ਗਿਆ ਹੈ। ਆਪਣੇ ਸੰਦੇਸ਼ ਵਿੱਚ ਡਾ. ਰੇਣੂ ਮਿੱਤਲ ਨੇ ਦੱਸਿਆ ਕਿ ਵਿਸ਼ਵ ਸਿਹਤ ਦਿਵਸ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਸਿਹਤ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸਮੂਹਿਕ ਜ਼ਿੰਮੇਵਾਰੀ ਵੀ ਹੈ। ਸਾਰਿਆਂ ਦੇ ਸਾਂਝੇ ਯਤਨਾਂ ਨਾਲ ਹੀ ਇੱਕ ਤੰਦਰੁਸਤ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਸੰਭਵ ਹੈ। ਉਨ੍ਹਾਂ ਦੱਸਿਆ ਕਿ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਸਿਹਤ ਹੁੰਦੀ ਹੈ ਅਤੇ ਜੇਕਰ ਅਸੀਂ ਸਿਹਤਮੰਦ ਹੋਵਾਂਗੇ ਤਾਂ ਹੀ ਆਪਣੀ ਜ਼ਿੰਦਗੀ ਦਾ ਆਨੰਦ ਮਾਣ ਸਕਾਂਗੇ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਸਿਹਤ ਸਬੰਧੀ ਚੁਣੌਤੀਆਂ ਦਾ ਸਮਰਥਿਤ ਢੰਗ ਨਾਲ ਮੁਕਾਬਲਾ



ਕਰਨ ਲਈ ਵਿਗਿਆਨਕ ਸੋਚ ਅਤੇ ਤੱਥਾਂ 'ਤੇ ਆਧਾਰਿਤ ਜਾਣਕਾਰੀ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਟੀਕਾਕਰਨ, ਸਾਫ-ਸਫ਼ਾਈ, ਪੋਸ਼ਣਯੁਕਤ ਖੁਰਾਕ ਅਤੇ ਨਿਯਮਿਤ ਵਿਆਯਾਮ ਸਿਹਤਮੰਦ ਜੀਵਨ ਦੇ ਅਹਿਮ ਅੰਗ ਹਨ, ਜਿਨ੍ਹਾਂ ਨਾਲ ਅਨੇਕਾਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕਾਰਜਕਾਰੀ ਸਿਵਲ ਸਰਜਨ ਨੇ ਅੱਗੇ ਦੱਸਿਆ ਕਿ ਇਕ ਸਿਹਤਮੰਦ ਸਰੀਰ ਲਈ ਨਾ ਕੇਵਲ ਸਰੀਰਕ, ਸਗੋਂ ਮਾਨਸਿਕ ਰੂਪ ਨਾਲ ਵੀ ਤੰਦਰੁਸਤ ਰਹਿਣ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਅਨੇਕਾਂ ਬਿਮਾਰੀਆਂ ਦਾ ਇਲਾਜ ਜਾਗਰੂਕਤਾ ਹੈ ਅਤੇ ਅਸੀਂ ਆਪਣੀ ਜੀਵਨਸ਼ੈਲੀ ਵਿਚ ਤਬਦੀਲੀਆਂ ਕਰਕੇ ਸਿਹਤਮੰਦ ਬਣ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਅਜੋਕੇ ਸਮਾਂ ਤਣਾਅ ਨਾਲ ਭਰਪੂਰ ਹੈ ਅਤੇ ਸਾਨੂੰ ਸਿਹਤਮੰਦ ਰਹਿਣ ਲਈ ਪੌਸ਼ਟਿਕ ਆਹਾਰ ਖਾਣ, ਗੂੜੀ ਨੀਂਦ ਲੈਣ, ਤਣਾਅ ਤੋਂ ਦੂਰ ਰਹਿਣ, ਰੋਜ਼ਾਨਾ ਕਸਰਤ ਕਰਨ ਉੱਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਲੱਖਾਂ ਦੀ ਗਿਣਤੀ ਵਿਚ ਲੋਕ ਕਈ ਵੱਡੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ ਅਤੇ ਲੋਕਾਂ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਰੂਪ ਨਾਲ ਸਿਹਤਮੰਦ ਬਣਾਉਣ ਲਈ ਜਾਗਰੂਕ ਕਰਨਾ ਹੀ ਇਸ ਦਿਵਸ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਦੇ ਸਮੇਂ ਵਿਚ ਗੈਰ-ਸੰਚਾਰੀ ਬਿਮਾਰੀਆਂ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਨ੍ਹਾਂ ਦੇ ਮੁੱਖ ਕਾਰਨ ਮੋਟਾਪਾ, ਕਸਰਤ ਘੱਟ ਕਰਨਾ, ਗੈਰ-ਸੰਤੁਲਿਤ ਭੋਜਨ ਖਾਣਾ, ਤਣਾਅ ਅਤੇ ਪਰਿਵਾਰਕ ਇਤਿਹਾਸ ਹਨ। ਇਸ ਲਈ ਜ਼ਰੂਰੀ ਹੈ ਸੰਤੁਲਿਤ ਭੋਜਨ ਦੀ ਵਰਤੋਂ ਕੀਤੀ ਜਾਵੇ ਅਤੇ ਬਾਹਰੀ ਡੱਬਾਬੰਦ ਭੋਜਨ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਇਸਦੇ ਨਾਲ ਹੀ ਹਰ ਰੋਜ਼ ਘੱਟ ਤੋਂ ਘੱਟ ਅੱਧਾ ਘੰਟਾ ਕਸਰਤ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਅਤੇ ਗਲਤ ਜਾਣਕਾਰੀ ਤੋਂ ਦੂਰ ਰਹਿਣ ਅਤੇ ਸਿਰਫ਼ ਪ੍ਰਮਾਣਿਤ ਸਰੋਤਾਂ ਤੋਂ ਹੀ ਸਿਹਤ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਦਾ ਲਾਭ ਲੈ ਕੇ ਲੋਕ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਨੂੰ ਬਿਹਤਰ ਬਣਾ ਸਕਦੇ ਹਨ।

# (ਰੰਗਾਂ ਵਿੱਚ ਕੀ ਰੱਖਿਆ)

"ਬਾਬਲੇ ਨੇ ਵਰ ਟੋਲਿਆ, ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ "। ਬਾਬਲ ਨੇ ਜੋ ਵੀ ਕੀਤਾ, ਠੀਕ ਹੀ ਕੀਤਾ ਹੋਊ ! ਰੱਬ ਨੇ ਜੋ ਲੇਖਾਂ ਵਿਚ ਲਿਖਿਆ, ਉਸ ਨੂੰ ਕੌਣ ਮੇਟ ਸਕਦਾ ਹੈ। ਆਗਿਆਕਾਰ ਧੀਆਂ ਹਮੇਸ਼ਾ ਬਾਪੂ ਦੀ ਲਾਜ ਰੱਖਦੀਆਂ ਆਈਆਂ ਹਨ। ਸਹੁਰੇ ਘਰ ਜਾਕੇ ਵੀ, ਉਸਦੀ ਲੰਬੀ ਉਮਰ ਦੀ, ਕਾਮਨਾ ਕਰਦੀਆਂ ਰਹਿੰਦੀਆਂ ਹਨ । ਮਜ਼ਬੂਰੀਆਂ ਤੇ ਘੂਰੀਆਂ ਭੁਲਾ ਦਿੰਦੀਆਂ ਨੇ ਰੰਗਾਂ ਦੀ ਪਸੰਦ। ਬਾਪੂ ਨੂੰ ਤਾਂ ਆਰਥਿਕ ਅਤੇ ਸਰੀਰਕ ਪੱਖੋਂ ਮਜ਼ਬੂਤ ਮੁੰਡਾ ਆਇਆ ਪਸੰਦ ਭਾਵੇਂ ਮਾਨਸਿਕ ਤੌਰ ਤੇ ਹੋਵੇ ਨ ਂ ਗ । ਬਾਹਰਲੇ ਤਰੱਕੀਯਾਫ਼ਤਾ ਮੁਲਕਾਂ ਵਿੱਚ ਕੁੜੀਆਂ ਅਪਣੇ ਵਰ ਆਪ ਲੱਭਦੀਆਂ ਹਨ, ਉਹ ਰੰਗਾਂ ਉੱਤੇ ਨਹੀਂ ਜਾਂਦੀਆਂ,ਗੋਰੇ,ਕਾਲੇ, ਲਾਲ, ਪੀਲੇ ਨਹੀਂ ਦੇਖਦੀਆਂ। ਬੱਸ ਉਨ੍ਹਾਂ ਨੂੰ ਤਾਂ ਜੀਹਦੇ ਨਾਲ ਵਿਚਾਰ ਮਿਲ ਗਏ ਉਸੇ ਨਾਲ ਹੀ ਮੇਲ ਮਿਲਾਪ ਹੋ ਜਾਂਦਾ ਹੈ। "ਦਿਲ ਮਿਲੇ ਦਾ ਮੇਲਾ, ਕੌਣ ਗੁਰੂ ਕੌਣ ਚੇਲਾ"। ਗੋਰੀਆਂ, ਚਿੱਟੀਆਂ ਮੇਮਾਂ,ਕਾਲੇ-ਕਲੂਟੇ ਹਬਸ਼ੀਆਂ ਨਾਲ ਸਵੰਬਰ ਰਚਾਈ ਫਿਰਦੀਆਂ ਹਨ। ਕਾਲੇ ਰੰਗ ਦੇ ਸਥਾਨਕ ਜਾਂ ਐਬੋਰਿਜਾਈਨ, ਹਬਸ਼ੀ ਬਹੁਤ ਵਧੀਆ ਸੁਭਾਅ ਦੇ ਅਕਸਰ ਹੀ ਦੇਖਣ ਨੂੰ ਮਿਲਦੇ ਹਨ। ਜੇ ਨਾ ਵੀ ਨਿਭੇ, ਤਾਂ ਤਲਾਕ ਪ੍ਰਕਿਰਿਆ ਵੀ ਬਹੁਤੀ ਔਖੀ ਨਹੀਂ ਹੁੰਦੀ। "ਜੱਗ ਉੱਤੇ ਪੂਰਾ ਹੁੰਦਾ ਕੋਈ ਕੋਈ,ਨਰੜ ਬਥੇਰੇ"। ਸਿਆਣੇ ਬੰਦੇ ਆਪਸ ਵਿੱਚ ਕਦੇ ਆਢਾ ਨਹੀਂ ਲਾਉਂਦੇ। ਆਪਸੀ ਪਿਆਰ,ਸਮਝ ਸਾਂਝ ਨਾਲ ਤੋੜ ਨਿਭਾਈ ਜਾ ਸਕਦੀ ਹੈ। "ਤੇਰੇ ਨਾਲ ਲਾਈਆਂ ਮਿੱਤਰਾ, ਤੋੜ ਨਿਭਾਵੀ ਵੇ"!





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਵਿਸ਼ਵ ਓਰਲ ਹੈਲਥ ਡੇ ਮਨਾਇਆ



**ਫਿਲੌਰ/ਅੱਪਰਾ,7 ਅਪ੍ਰੈਲ (ਦੀਪਾ)-** ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅਪਰਾ ਵਿਖੇ ਡੀ ਡੀ ਐਚ ਓ ਡਾਕਟਰ ਬਲਜੀਤ ਕੌਰ ਰੂਬੀ ਜਲੰਧਰ ਅਤੇ ਐਸਐਮਓ ਅਪਰਾ ਡਾਕਟਰ ਕਿਰਨ ਕੌਸ਼ਲ ਅਤੇ ਸਕੂਲ ਮੁਖੀ ਜਸਪਾਲ ਸੰਧੂ ਦੀ ਮਦਦ ਨਾਲ ਵਿਸ਼ਵ ਔਰਲ ਹੈਲਥ ਡੇ ਸੰਬੰਧੀ ਮਹੀਨਾਵਾਰ ਗਤੀਵਿਧੀ ਕੀਤੀ ਗਈ !ਜਿਸ ਵਿੱਚ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ !ਅੱਜ ਡਾਕਟਰ ਵਿਸ਼ਾਲ ਤਨੇਜਾ ਮੈਡੀਕਲ ਆਫਿਸਰ (ਡੈਂਟਿਸਟ )ਨੇ ਓਰਲ ਹੈਲਥ ਜਾਗਰੂਕਤਾ ਸਬੰਧੀ ਲੈਕਚਰ ਦਿੱਤਾ !ਸਕੂਲ ਮੁਖੀ ਜਸਪਾਲ ਸੰਧੂ ਨੇ ਬੱਚਿਆਂ ਨੂੰ ਮੂੰਹ ਅਤੇ ਦੰਦਾਂ ਦੀ ਸਫਾਈ ਸਬੰਧੀ ਜਾਣਕਾਰੀ ਦਿੱਤੀ ਅੱਜ ਦੇ ਸਮਾਗਮ ਵਿੱਚ ਸ੍ਰੀ ਗੁਰਨੇਕ ਲਾਲ ਹੈਲਥ ਸੁਪਰਵਾਈਜ਼ਰ,ਅਮਰਜੀਤ ਕੌਰ ਐਲ.ਐਚ.ਵੀ., ਸ਼ਰਨਜੀਤ ਸਿੰਘ,ਮਨਦੀਪ ਸਿੰਘ,ਰਵਿੰਦਰ ਸਿੰਘ,ਨੈਨਸੀ ਰਾਣੀ,ਰਮਨਦੀਪ ਕੌਰ ਕੈਥ, ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਪਿੰਡ ਮੋਂਰੋਂ ਦੀ ਧੀ ਨੇ ਇਲਾਕੇ ਤੇ ਪਿੰਡ ਦਾ ਨਾਂ ਕੀਤਾ ਰੌਸ਼ਨ



**ਫਿਲੌਰ/ਅੱਪਰਾ, 7 ਅਪ੍ਰੈਲ (ਦੀਪਾ)**-ਪਿੰਡ ਮੋਂਰੋਂ ਦੀ ਧੀ ਨੇ ਇਲਾਕੇ, ਪਿੰਡ ਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰਕੇ ਉਨ੍ਹਾਂ ਦਾ ਮਾਣ ਵਧਾਇਆ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਲੜਕੀ ਦੇ ਚਾਚਾ ਜੀ ਵਿਨੋਦ ਭਾਰਦਵਾਜ ਨੇ ਦੱਸਿਆ ਕਿ ਕਰੀਬੀ ਪਿੰਡ ਮੋਂਰੋ ਦੀ ਵਸਨੀਕ ਲੜਕੀ ਦਲਜੀਤ ਕੌਰ ਢੀਂਡਸਾ ਸੁਪਤਰੀ ਸੁਰਿੰਦਰ ਸਿੰਘ ਢੀਂਡਸਾ ਮਾਤਾ ਪਰਮਜੀਤ ਕੌਰ ਢੀਂਡਸਾ ਨੇ 11ਵੀਂ ਕਲਾਸ ਦੇ ਮੈਡੀਕਲ ਗਰੁੱਪ ਵਿੱਚ 88 ਪ੍ਰਤੀਸ਼ਤ ਨੰਬਰ ਲੈ ਕੇ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਮੱਲਾਂ ਮਾਰੀਆਂ ਹਨ। ਇਲਾਕੇ ਭਰ ਦੇ ਤੇ ਪਿੰਡ ਵਾਸੀ ਦਲਜੀਤ ਕੌਰ ਢੀਂਡਸਾ ਤੇ ਉਸ ਦੇ ਮਾਤਾ ਪਿਤਾ ਨੂੰ ਵਧਾਈਆਂ ਦੇ ਰਹੇ ਹਨ।

# ਅਸੀਰੀਅਨ ਭਾਈਚਾਰੇ ਵੱਲੋਂ ਆਪਣੇ ਰਵਾਇਤੀ ਸਾਲ ਦੀ ਆਮਦ ਤੇ ਮਨਾਇਆ ਗਿਆ ਜਸ਼ਨ

## ਰਵਾਇਤੀ ਪਹਿਰਾਵੇ ਪਾ ਕੇ ਦਰਿਆ ਕਿਨਾਰੇ ਕੀਤਾ ਸਮੂਹਿਕ ਨਾਚ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਓਨਟਾਰਿਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਾਨਕ ਅਸੀਰੀਅਨ ਭਾਈਚਾਰੇ ਵੱਲੋਂ ਸ਼ਹਿਰ ਦੇ ਦਰਿਆ ਕਿਨਾਰੇ ਵੱਡੇ ਪੱਧਰ 'ਤੇ ਇਕੱਠੇ ਹੋ ਕੇ ਆਪਣੇ ਰਵਾਇਤੀ ਨਵੇਂ ਸਾਲ ਦੀ ਆਮਦ ਦਾ ਜਸ਼ਨ ਮਨਾਇਆ ਗਿਆ। ਇਸ ਸਮਾਗਮ ਨੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤਿਕ ਵਿਰਾਸਤ ਨੂੰ ਇੱਕ ਵਾਰ ਫਿਰ ਤਾਜ਼ਾ ਕਰ ਦਿੱਤਾ। ਵੇਰਵਿਆਂ ਮੁਤਾਬਕ 'ਖਾਬ ਨਿਸਾਨ' ਨਾਂ ਨਾਲ ਜਾਣੇ ਜਾਂਦੇ ਇਸ ਤਿਉਹਾਰ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਉਕਤ ਭਾਈਚਾਰੇ ਨਾਲ ਸੰਬੰਧਿਤ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੋਏ। ਲੋਕਾਂ ਨੇ ਰਵਾਇਤੀ ਪਹਿਰਾਵੇ ਪਾ ਕੇ ਨਾਚ-ਗਾਣੇ ਕੀਤੇ ਅਤੇ ਆਪਣੇ ਪੁਰਖਿਆਂ ਦੀ ਸੰਸਕ੍ਰਿਤੀ ਨੂੰ ਜ਼ਿੰਦਾ ਰੱਖਣ ਦਾ ਸੰਦੇਸ਼ ਦਿੱਤਾ। ਸਮਾਗਮ ਦੌਰਾਨ ਸਜਾਏ ਗਏ ਰੰਗ-ਬਰੰਗੇ ਝੰਡਿਆਂ ਅਤੇ ਨਾਚ ਗਾਣੇ ਨਾਲ ਸਮੁੱਚਾ ਮਾਹੌਲ ਬਹੁਤ ਹੀ ਰੌਣਕ ਮਈ ਸਿਰਜਿਆ ਨਜ਼ਰੀਆ ਪਿਆ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਦੇ ਲੋਕਾਂ ਨੇ ਇਸ ਖੁਸ਼ੀ ਵਿੱਚ ਭਾਗ ਲਿਆ ਅਤੇ ਇਕੱਠੇ ਹੋ ਕੇ ਆਪਣੀ ਕੌਮੀ ਪਛਾਣ 'ਤੇ ਮਾਣ ਜਤਾਇਆ। ਆਯੋਜਕਾਂ ਦਾ ਕਹਿਣਾ ਹੈ ਕਿ ਇਹ ਸਮਾਗਮ ਸਿਰਫ਼ ਨਵੇਂ ਸਾਲ ਦੀ ਖੁਸ਼ੀ ਨਹੀਂ, ਸਗੋਂ ਅਸੀਰੀਅਨ ਭਾਈਚਾਰੇ ਦੀ ਇਤਿਹਾਸਕ ਵਿਰਾਸਤ, ਭਾਸ਼ਾ ਅਤੇ ਸੰਸਕ੍ਰਿਤੀ ਨੂੰ ਅਗਲੀ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਜ਼ਰੀਆ ਵੀ ਹੈ।



ਵਿੰਡਸਰ ਵਿੱਚ ਦਰਿਆ ਕਿਨਾਰੇ ਨਵੇਂ ਸਾਲ ਦੇ ਸਮਾਗਮ ਦੌਰਾਨ ਅਸੀਰੀਅਨ ਭਾਈਚਾਰੇ ਦੇ ਲੋਕ ਰਵਾਇਤੀ ਪਹਿਰਾਵਿਆਂ ਵਿੱਚ ਖੁਸ਼ੀ ਮਨਾਉਂਦੇ ਹੋਏ।

# ਪੁਲਾੜ ਯਾਤਰੀ ਜੇਰੇਮੀ ਹੈਨਸਨ ਨੇ ਮਾਪਿਆਂ ਨੂੰ ਦੱਸਿਆ 'ਮੈਂ ਬਹੁਤ ਵਧੀਆ ਸਮਾਂ ਬਿਤਾ ਰਿਹਾ ਹਾਂ'

**ਵੈਨਕੂਵਰ, 6 ਅਪ੍ਰੈਲ (ਮਲਕੀਤ ਸਿੰਘ)** ਚੰਦਰਮਾ ਦੇ ਮਿਸ਼ਨ ਤੇ ਗਏ ਕਨੇਡਾ ਦੇ ਪੁਲਾੜ ਯਾਤਰੀ ਜੇਰਮੀ ਹੈਨਸਨ ਨੇ ਆਪਣੇ ਮਾਤਾ-ਪਿਤਾ ਨੂੰ ਭੇਜੇ ਇਕ ਭਾਵੁਕ ਸੰਦੇਸ਼ ਵਿੱਚ ਕਿਹਾ ਹੈ ਕਿ ਉਹ ਪੁਲਾੜ ਵਿੱਚ 'ਬਹੁਤ ਵਧੀਆ ਸਮਾਂ ਬਿਤਾ ਰਹੇ ਹਨ'। ਇਹ ਸੰਦੇਸ਼ ਉਸ ਸਮੇਂ ਭੇਜਿਆ ਗਿਆ ਜਦੋਂ ਉਹ ਨਾਸਾ ਦੇ 'ਆਰਟੇਮਿਸ-2' ਮਿਸ਼ਨ ਦੌਰਾਨ ਧਰਤੀ ਤੋਂ ਕਾਫ਼ੀ ਦੂਰ, ਚੰਦਰਮਾ ਦੇ ਨੇੜੇ ਆਪਣੀ ਯਾਤਰਾ ਕਰ ਰਹੇ ਹਨ। ਇਹ ਸੰਦੇਸ਼ ਈਮੇਲ ਰਾਹੀਂ ਭੇਜਿਆ ਗਿਆ, ਜਿਸਨੂੰ 'ਆਉਟ-ਆਫ-ਦਿਸ-ਵਰਲਡ' ਪਲ ਵਜੋਂ ਵੇਖਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਹੈਨਸਨ ਨੇ ਆਪਣੇ ਸੰਦੇਸ਼ ਵਿੱਚ ਪਰਿਵਾਰ ਨੂੰ ਆਪਣੀ ਖੈਰ-ਖ਼ਬਰ ਦਿੱਤੀ ਅਤੇ ਇਸ ਵਿਲੱਖਣ ਅਨੁਭਵ ਨੂੰ ਸ਼ਬਦਾਂ ਵਿੱਚ ਬਿਆਨ ਕਰਦਿਆਂ ਕਿਹਾ ਕਿ ਇਹ ਯਾਤਰਾ ਉਸਦੀ ਜ਼ਿੰਦਗੀ ਦੇ ਸਭ ਤੋਂ ਯਾਦਗਾਰ ਪਲਾਂ ਵਿੱਚੋਂ ਇੱਕ ਹੈ। ਇਸਦੇ ਨਾਲ ਹੀ, ਮਿਸ਼ਨ ਨਾਲ ਜੁੜੇ ਹੋਰ ਦ੍ਰਿਸ਼ਾਂ ਅਤੇ ਵੀਡੀਓਜ਼ ਵੀ ਸਾਹਮਣੇ ਆ ਰਹੇ ਹਨ, ਜਿਨ੍ਹਾਂ ਵਿੱਚ ਪੁਲਾੜ ਯਾਤਰੀਆਂ ਵੱਲੋਂ ਧਰਤੀ ਅਤੇ ਚੰਦਰਮਾ ਦੇ ਮਨਮੋਹਕ ਨਜ਼ਾਰੇ ਸਾਂਝੇ ਕੀਤੇ ਗਏ ਹਨ। ਨਾਸਾ ਦਾ ਇਹ 'ਆਰਟੇਮਿਸ-2 ਮਿਸ਼ਨ' ਮਨੁੱਖੀ ਪੁਲਾੜ ਯਾਤਰਾ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ, ਜੋ ਭਵਿੱਖ ਵਿੱਚ ਚੰਦਰਮਾ 'ਤੇ ਮਨੁੱਖੀ ਮੌਜੂਦਗੀ ਨੂੰ ਮੁੜ ਸਥਾਪਿਤ ਕਰਨ ਦੇ ਮੰਤਵ ਨੂੰ ਅੱਗੇ ਵਧਾਉਂਦਾ ਹੈ।



ਪੁਲਾੜ ਯਾਤਰਾ ਦੌਰਾਨ ਜੇਰੇਮੀ ਹੈਨਸਨ ਦੀ ਇੱਕ ਤਸਵੀਰ

# ਡਾਇਨਾਸੋਰ ਦੀ ਵਿਸ਼ਾਲ ਮੂਰਤੀ ਟੰਬਲ ਰਿਜ ਲਿਆਉਣ ਦੀ ਮੰਗ ਕਾਰਨ ਛਿੜੀ ਨਵੀਂ ਚਰਚਾ

**ਵੈਨਕੂਵਰ, 7 ਅਪ੍ਰੈਲ (ਮਲਕੀਤ ਸਿੰਘ)** ਪਿਛਲੇ ਦਿਨੀ ਸਕੂਲ ਚ ਗੋਲੀਬਾਰੀ ਕਾਂਡ ਨਾਲ ਪ੍ਰਭਾਵਿਤ ਹੋਏ ਬ੍ਰਿਟਿਸ਼ ਕੋਲੰਬੀਆ ਦੇ ਟੰਬਲਰ ਰਿਜ ਸ਼ਹਿਰ ਦੀ ਇੱਕ ਮਹਿਲਾ ਨੇ ਅਲਬਰਟਾ ਦੇ ਪ੍ਰਸਿੱਧ ਡਰਮਹੈਲਰ ਵਿੱਚ ਸਥਿਤ ਡਾਇਨਾਸੋਰ ਦੀ ਵਿਸ਼ਾਲ ਟੀ-ਰੈਕਸ ਮੂਰਤੀ ਨੂੰ ਆਪਣੇ ਸ਼ਹਿਰ ਵਿੱਚ ਲਿਆਂਦਾ ਜਾਣ ਦੀ ਮੰਗ ਉਠਾ ਕੇ ਇੱਕ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਜੈਨੀਫਰ ਸਲੈਕ ਨਾਮ ਦੀ ਇਸ ਮਹਿਲਾ ਦਾ ਮੰਨਣਾ ਹੈ ਕਿ ਟੰਬਲਰ ਰਿਜ, ਜੋ ਆਪਣੇ ਡਾਇਨੋਸੋਰਾ ਲਈ ਮਸ਼ਹੂਰ ਹੈ, ਇਸ ਤਰ੍ਹਾਂ ਦੀ ਵੱਡੀ ਆਕਰਸ਼ਕ ਮੂਰਤੀ ਲਈ ਇਕ ਉਚਿਤ ਥਾਂ ਹੋ ਸਕਦੀ ਹੈ। ਜਾਣਕਾਰੀ ਅਨੁਸਾਰ ਡਰਮਹੈਲਰ ਦੀ ਇਹ ਟੀ-ਰੈਕਸ ਮੂਰਤੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਡਾਇਨੋਸੋਰ ਮੂਰਤੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ ਅਤੇ ਇਹ ਸਾਲਾਂ ਤੋਂ ਸੈਲਾਨੀਆਂ ਲਈ ਇੱਕ ਵੱਡਾ ਕੇਂਦਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਜੈਨੀਫਰ ਸਲੈਕ ਦਾ ਮਕਸਦ ਆਪਣੇ ਖੇਤਰ ਵਿੱਚ ਸੈਰ-ਸਪਾਟੇ ਨੂੰ ਹੋਰ ਵਧਾਉਣਾ ਹੈ ਅਤੇ ਉਹ ਮੰਨਦੀ ਹੈ ਕਿ ਇਸ ਤਰ੍ਹਾਂ ਦੀ ਮੂਰਤੀ ਨਾਲ ਟੰਬਲਰ ਰਿਜ ਨੂੰ ਵੱਡਾ ਲਾਭ ਹੋ ਸਕਦਾ ਹੈ। ਹਾਲਾਂਕਿ ਅਜੇ ਤੱਕ ਉਸ ਦੀ ਇਸ ਮੰਗ 'ਤੇ ਕੋਈ ਸਰਕਾਰੀ ਫੈਸਲਾ ਨਹੀਂ ਆਇਆ, ਪਰ ਇਹ ਮਸਲਾ ਲੋਕਾਂ ਵਿੱਚ ਦਿਲਚਸਪੀ ਦਾ ਵਿਸ਼ਾ ਬਣ ਗਿਆ ਹੈ ਅਤੇ ਇਸ 'ਤੇ ਚਰਚਾ ਜਾਰੀ ਹੈ।



ਡਰਮਹੈਲਰ ਵਿੱਚ ਸਥਿਤ ਵਿਸ਼ਾਲ ਟੀ-ਰੈਕਸ ਮੂਰਤੀ, ਜੋ ਸੈਲਾਨੀਆਂ ਲਈ ਮੁੱਖ ਆਕਰਸ਼ਣ ਹੈ।

# 'ਆਰਟੇਮਿਸ-2' ਮਿਸ਼ਨ ਨੇ ਬਣਾਇਆ ਇਤਿਹਾਸ, ਚੰਦਰਮਾ ਦੀ ਪ੍ਰਕਰਮਾ ਕਰਕੇ ਧਰਤੀ ਵਾਪਸੀ ਲਈ ਰਵਾਨਾ

**ਵੈਨਕੂਵਰ, 6 ਅਪ੍ਰੈਲ (ਮਲਕੀਤ ਸਿੰਘ)** – ਨਾਸਾ ਦੇ 'ਆਰਟੇਮਿਸ-2' ਮਿਸ਼ਨ ਨਾਲ ਜੁੜੇ ਪੁਲਾੜ ਯਾਤਰੀਆਂ ਨੇ ਮਨੁੱਖੀ ਪੁਲਾੜ ਯਾਤਰਾ ਵਿੱਚ ਨਵਾਂ ਇਤਿਹਾਸ ਰਚਦਿਆਂ ਸਭ ਤੋਂ ਵੱਧ ਦੂਰੀ ਤੈਅ ਕਰਨ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ। ਚੰਦਰਮਾ ਦੀ ਪਰਿਕਰਮਾ ਕਰਨ ਤੋਂ ਬਾਅਦ ਹੁਣ ਟੀਮ ਸੁਰੱਖਿਅਤ ਤਰੀਕੇ ਨਾਲ ਧਰਤੀ ਵਾਪਸੀ ਵੱਲ ਵਧ ਰਹੀ ਹੈ। ਮਿਸ਼ਨ ਦੌਰਾਨ ਓਰਾਇਨ ਅੰਤਰਿਕਸ਼ ਯਾਨ ਨੇ ਉਹ ਦੂਰੀ ਪਾਰ ਕੀਤੀ ਜੋ ਇਸ ਤੋਂ ਪਹਿਲਾਂ ਕਿਸੇ ਵੀ ਮਨੁੱਖ ਵੱਲੋਂ ਤੈਅ ਨਹੀਂ ਕੀਤੀ ਗਈ ਸੀ। ਇਸ ਇਤਿਹਾਸਕ ਪਲ ਦੌਰਾਨ ਮਿਸ਼ਨ ਨੇ ਮਨੁੱਖੀ ਖੋਜ ਦੇ ਨਵੇਂ ਮਿਆਰ ਸਥਾਪਿਤ ਕੀਤੇ ਹਨ। ਮਿਸ਼ਨ ਦੌਰਾਨ ਪੁਲਾੜ ਯਾਤਰੀਆਂ ਨੇ ਚੰਦਰਮਾ ਦੇ ਨੇੜੇ ਤੋਂ ਲੰਘਦਿਆਂ ਉਸਦਾ ਪੂਰਾ ਚੱਕਰ ਲਗਾਇਆ ਅਤੇ ਇਸ ਦੌਰਾਨ ਉਨ੍ਹਾਂ ਨੇ ਪੁਲਾੜ ਤੋਂ ਧਰਤੀ ਅਤੇ ਚੰਦਰਮਾ ਦੇ ਅਦਭੁਤ ਦ੍ਰਿਸ਼ ਵੇਖੇ। ਪੁਲਾੜ ਯਾਤਰੀਆਂ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਇਹ ਨਜ਼ਾਰੇ ਸ਼ਾਨਦਾਰ, ਹੈਰਾਨੀਜਨਕ ਅਤੇ ਅਲੌਕਿਕ ਹਨ, ਜਿਨ੍ਹਾਂ ਨੂੰ ਦੇਖ ਕੇ ਉਹ ਖੁਦ ਵੀ ਹੈਰਾਨ ਰਹਿ ਗਏ। ਜਾਣਕਾਰੀ ਮੁਤਾਬਕ, ਮਿਸ਼ਨ ਦੇ ਇੱਕ ਮਹੱਤਵਪੂਰਨ ਪੜਾਅ ਦੌਰਾਨ ਪੁਲਾੜ ਯਾਨ ਨੇ ਧਰਤੀ ਤੋਂ ਸਭ ਤੋਂ ਵੱਧ ਦੂਰੀ ਬਣਾਈ, ਜਿਸ ਨਾਲ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਇਸ ਉਪਲਬਧੀ ਨੂੰ ਨਾਸਾ ਵੱਲੋਂ ਮਨੁੱਖੀ ਪੁਲਾੜ ਯਾਤਰਾ ਲਈ ਵੱਡੀ ਕਾਮਯਾਬੀ ਮੰਨਿਆ ਜਾ ਰਿਹਾ ਹੈ। ਵਿਗਿਆਨੀਆਂ ਅਨੁਸਾਰ 'ਆਰਟੇਮਿਸ-2' ਮਿਸ਼ਨ ਭਵਿੱਖ ਵਿੱਚ ਮਨੁੱਖਾਂ ਨੂੰ ਦੁਬਾਰਾ ਚੰਦਰਮਾ 'ਤੇ ਉਤਾਰਨ ਅਤੇ ਅੱਗੇ ਮੰਗਲ ਗ੍ਰਹਿ ਤੱਕ ਯਾਤਰਾ ਕਰਨ ਲਈ ਬੁਨਿਆਦ ਤਿਆਰ ਕਰ ਰਿਹਾ ਹੈ।



'ਆਰਟੇਮਿਸ-2' ਮਿਸ਼ਨ ਦੌਰਾਨ ਨੇੜਿਓਂ ਲਈ ਗਈ ਚੰਦਰਮਾ ਦੀ ਤਸਵੀਰ।

# ਜੋ ਕੁਝ ਵੀ ਦੇਸ ਭੋਗ ਰਿਹਾ ਹੈ ਕਾਂਗਰਸ ਰਾਜ ਦੀਆਂ ਲੋਕ ਮਾਰੂ ਨੀਤੀਆਂ ਦਾ ਨਤੀਜ਼ਾ ਹੀ ਹੈ!

ਕੋਈ ਸ਼ੱਕ ਨਹੀਂ ਕਿ ਭਾਰਤ ਦੀ ਸਿਆਸਤ ਵਿੱਚ ਲੰਮੇ ਸਮੇਂ ਤੱਕ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਦੀਆਂ ਕਈ ਨੀਤੀਆਂ ਦੇ ਮਾੜੇ ਨਤੀਜੇ ਅੱਜ ਵੀ ਦੇਸ਼ ਭੁਗਤ ਰਿਹਾ ਹੈ। ਆਜ਼ਾਦੀ ਤੋਂ ਬਾਅਦ ਲੋਕਤੰਤਰ ਦੀ ਮਜ਼ਬੂਤੀ ਦਾ ਸਿਹਰਾ ਜਿੱਥੇ ਕਾਂਗਰਸ ਨੂੰ ਜਾਂਦਾ ਹੈ, ਉੱਥੇ ਹੀ ਅਨੇਕ ਫ਼ੈਸਲੇ ਅਜਿਹੇ ਵੀ ਰਹੇ ਜਿਨ੍ਹਾਂ ਨੇ ਸਮਾਜ ਵਿੱਚ ਵੰਡ, ਆਰਥਿਕ ਅਸਮਾਨਤਾ ਅਤੇ ਸਿਆਸੀ ਅਣਭਰੋਸਾ ਪੈਦਾ ਕੀਤਾ। ਇਨ੍ਹਾਂ ਹਾਲਾਤਾਂ ਨੇ ਹੀ ਇੱਕ ਅਜਿਹਾ ਖਾਲੀਪਣ ਬਣਾਇਆ ਜਿਸ ਵਿੱਚ ਭਾਜਪਾ ਵਰਗੀ ਪਾਰਟੀ ਨੇ "ਹਿੰਦੂ ਰਾਸ਼ਟਰ" ਦੇ ਵਿਚਾਰ ਨੂੰ ਕੇਂਦਰ ਵਿੱਚ ਰੱਖ ਕੇ ਆਪਣਾ ਵਿਆਪਕ ਏਜੰਡਾ ਅੱਗੇ ਵਧਾਇਆ।

ਕਾਂਗਰਸ ਸਰਕਾਰਾਂ ਦੌਰਾਨ ਸਭ ਤੋਂ ਵੱਡਾ ਦੋਸ਼ ਇਹ ਲੱਗਦਾ ਰਿਹਾ ਕਿ ਉਨ੍ਹਾਂ ਨੇ ਵੋਟ ਬੈਂਕ ਦੀ ਸਿਆਸਤ ਨੂੰ ਤਰਜੀਹ ਦਿੱਤੀ । ਧਰਮ, ਜਾਤ ਅਤੇ ਖੇਤਰ ਅਧਾਰਿਤ ਸਿਆਸਤ ਨੇ ਸਮਾਜ ਨੂੰ ਇਕੱਠਾ ਕਰਨ ਦੀ ਬਜਾਏ ਵੰਡਿਆ । ਕਈ ਮਾਮਲਿਆਂ ਵਿੱਚ "ਸੈਕੁਲਰਿਜ਼ਮ" ਦੇ ਨਾਂ 'ਤੇ ਕੀਤੇ ਫ਼ੈਸਲੇ ਲੋਕਾਂ ਦੇ ਇਕ ਵੱਡੇ ਹਿੱਸੇ ਨੂੰ ਇਹ ਅਹਿਸਾਸ ਕਰਾਉਂਦੇ ਰਹੇ ਕਿ ਨੀਤੀਆਂ ਨਿਆਂਸੰਗਤ ਨਹੀਂ, ਸਗੋਂ ਚੁਣੀਂਦਾ ਵਰਗ ਖੁਸ਼ ਕਰਨ ਲਈ ਬਣਾਈਆਂ ਜਾ ਰਹੀਆਂ ਹਨ । ਇਹੀ ਭਾਵਨਾ ਹੌਲੀ-ਹੌਲੀ ਅਸੰਤੁਸ਼ਟੀ ਵਿੱਚ ਬਦਲੀ ਅਤੇ ਭਾਜਪਾ ਨੇ ਇਸ ਅਸੰਤੁਸ਼ਟੀ ਨੂੰ ਰਾਜਨੀਤਿਕ ਪੂੰਜੀ ਵਿੱਚ ਤਬਦੀਲ ਕਰ ਲਿਆ ।

ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਦੇ ਦਾਗਾਂ ਨੇ ਵੀ ਕਾਂਗਰਸ ਦੀ ਸਾਖ ਨੂੰ ਭਾਰੀ ਨੁਕ-ਸਾਨ ਪਹੁੰਚਾਇਆ । ਵੱਡੇ-ਵੱਡੇ ਘੋਟਾਲਿਆਂ ਦੀਆਂ ਚਰਚਾਵਾਂ ਨੇ ਆਮ ਲੋਕਾਂ ਵਿੱਚ ਇਹ ਧਾਰਣਾ ਬਣਾਈ ਕਿ ਸੱਤਾ ਕੁਝ ਗਿਣਤੀ ਦੇ ਲੋਕਾਂ ਦੇ ਹੱਥ ਵਿੱਚ ਸਿਮਟ ਗਈ ਹੈ । ਜਦੋਂ ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਅਤੇ ਮਹਿੰਗਾਈ ਨਾਲ ਲੋਕ ਪਹਿਲਾਂ ਹੀ ਪਰੇਸ਼ਾਨ ਹੋਣ, ਉੱਥੇ ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਲੋਕਾਂ ਦੇ ਗੁੱਸੇ ਨੂੰ ਹੋਰ ਭੜਕਾਉਂਦੀਆਂ ਹਨ । ਇਸ ਗੁੱਸੇ ਨੂੰ ਭਾਜਪਾ ਨੇ "ਬਦਲਾਅ" ਦੇ ਨਾਅਰੇ ਨਾਲ ਜੋੜਿਆ ਅਤੇ ਆਪਣੇ ਆਪ ਨੂੰ ਇੱਕ ਮਜ਼ਬੂਤ ਵਿਕਲਪ ਵਜੋਂ ਪੇਸ਼ ਕੀਤਾ ।

ਸੁਰੱਖਿਆ ਅਤੇ ਰਾਸ਼ਟਰੀ ਅਸਮਿਤਾ ਦੇ ਮੁੱਦੇ ਵੀ ਮਹੱਤਵਪੂਰਨ ਰਹੇ। ਕਈ ਵਾਰ ਕਾਂਗਰਸ ਸਰਕਾਰਾਂ 'ਤੇ ਨਰਮ ਰਵੱਈਏ ਦੇ ਦੋਸ਼ ਲੱਗੇ । ਸਰਹੱਦੀ ਚੁਣੌਤੀਆਂ, ਅੰਦਰੂਨੀ ਅਸਥਿਰਤਾ ਅਤੇ ਆਤੰਕਵਾਦ ਵਰਗੇ ਮਾਮਲਿਆਂ ਵਿੱਚ ਕੜੇ ਫ਼ੈਸਲੇ ਨਾ ਲੈਣ ਦੀ ਆਲੋਚਨਾ ਹੁੰਦੀ ਰਹੀ । ਭਾਜਪਾ ਨੇ ਇਸ ਖਾਲੀਪਣ ਨੂੰ ਭਰਦਿਆਂ ਆਪਣੇ ਆਪ ਨੂੰ "ਰਾਸ਼ਟਰੀ ਗਰਵ" ਅਤੇ "ਮਜ਼ਬੂਤ ਨੇਤ੍ਰਿਤਵ" ਦੇ ਪ੍ਰਤੀਕ ਵਜੋਂ ਪੇਸ਼ ਕੀਤਾ। ਇਸ ਤਰ੍ਹਾਂ ਹੌਲੀ-ਹੌਲੀ ਰਾਸ਼ਟਰੀਤਾ ਅਤੇ ਧਾਰਮਿਕ ਪਛਾਣ ਨੂੰ ਜੋੜ ਕੇ ਇੱਕ ਵੱਡਾ ਰਾਜਨੀਤਿਕ ਨੈਰੇਟਿਵ ਬਣਾਇਆ ਗਿਆ ।

ਇਸ ਪਿਛੋਕੜ ਵਿੱਚ "ਹਿੰਦੂ ਰਾਸ਼ਟਰ" ਦੀ ਚਰਚਾ ਨੇ ਗਤੀ ਫੜੀ। ਭਾਜਪਾ ਦੇ ਸਮਰਥਕ ਇਹ ਦਲੀਲ ਦਿੰਦੇ ਹਨ ਕਿ ਸਦੀਆਂ ਤੋਂ ਬਹੁਸੰਖਿਆਕ ਸਮਾਜ ਦੀ ਪਛਾਣ ਨੂੰ ਦਬਾਇਆ ਗਿਆ ਅਤੇ ਹੁਣ ਉਸਨੂੰ ਸਨਮਾਨ ਮਿਲਣਾ ਚਾਹੀਦਾ ਹੈ । ਦੂਜੇ ਪਾਸੇ ਆਲੋਚਕ ਕਹਿੰਦੇ ਹਨ ਕਿ ਇਹ ਵਿਚਾਰ ਭਾਰਤ ਦੀ ਬਹੁਧਰਮੀ ਅਤੇ ਬਹੁਸੰਸਕ੍ਰਿਤਿਕ ਪਛਾਣ ਲਈ ਖ਼ਤਰਾ ਬਣ ਸਕਦਾ ਹੈ। ਪਰ ਇਹ ਵੀ ਸੱਚ ਹੈ ਕਿ ਜੇ ਕਾਂਗਰਸ ਦੀਆਂ ਨੀਤੀਆਂ ਵਧੇਰੇ ਸੰਤੁਲਿਤ ਅਤੇ ਭਰੋਸੇਯੋਗ ਹੁੰਦੀਆਂ ਤਾਂ ਸ਼ਾਇਦ ਇਹ ਮੌਕਾ ਇੰਨਾ ਵੱਡਾ ਨਾ ਬਣਦਾ ।

ਅੱਜ ਦੇ ਹਾਲਾਤਾਂ ਵਿੱਚ ਦੇਸ਼ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਸਿਆਸਤ ਧਾਰਮਿਕ ਪਛਾਣ ਅਤੇ ਰਾਸ਼ਟਰੀ ਨੈਰੇਟਿਵ ਦੇ ਆਲੇ-ਦੁਆਲੇ ਘੁੰਮ ਰਹੀ ਹੈ । ਕਾਂਗਰਸ ਦੀਆਂ ਪੁਰਾਣੀਆਂ ਗ਼ਲਤੀਆਂ ਦਾ ਹਵਾਲਾ ਦੇ ਕੇ ਭਾਜਪਾ ਆਪਣਾ ਏਜੰਡਾ ਮਜ਼ਬੂਤ ਕਰ ਰਹੀ ਹੈ, ਜਦਕਿ ਵਿਰੋਧੀ ਪੱਖ ਇਸਨੂੰ ਲੋਕਤੰਤਰਿਕ ਸੰਵਿਧਾਨਕ ਢਾਂਚੇ ਲਈ ਚੁਣੌਤੀ ਦੱਸਦਾ ਹੈ। ਹਕੀਕਤ ਇਹ ਹੈ ਕਿ ਜਦੋਂ ਸਿਆਸਤ ਨੀਤੀਆਂ ਤੋਂ ਹਟ ਕੇ ਪਛਾਣ ਦੀ ਲੜਾਈ ਬਣ ਜਾਵੇ ਤਾਂ ਸਮਾਜ ਵਿੱਚ ਧ੍ਰੁਵੀਕਰਨ ਵਧਦਾ ਹੈ ।

ਇਸ ਲਈ ਸਵਾਲ ਸਿਰਫ਼ ਇਹ ਨਹੀਂ ਕਿ ਕਾਂਗਰਸ ਨੇ ਕੀ ਗ਼ਲਤ ਕੀਤਾ ਜਾਂ ਭਾਜਪਾ ਕੀ ਕਰ ਰਹੀ ਹੈ ਅਸਲ ਸਵਾਲ ਇਹ ਹੈ ਕਿ ਕੀ ਦੇਸ਼ ਦੀ ਸਿਆਸਤ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ — ਰੋਜ਼ਗਾਰ, ਸਿੱਖਿਆ, ਸਿਹਤ ਅਤੇ ਸਮਾਨ ਮੌਕਿਆਂ — ਵੱਲ ਮੁੜੇਗੀ ਜਾਂ ਧਾਰਮਿਕ ਨੈਰੇਟਿਵ ਹੀ ਕੇਂਦਰ ਰਹੇਗਾ। ਇਤਿਹਾਸ ਇਹ ਸਿਖਾਉਂਦਾ ਹੈ ਕਿ ਜਦੋਂ ਵੀ ਰਾਜਨੀਤੀ ਵੰਡ ਦੇ ਰਾਹ 'ਤੇ ਚੱਲੀ ਹੈ, ਨੁਕਸਾਨ ਆਖ਼ਿਰਕਾਰ ਆਮ ਲੋਕਾਂ ਨੂੰ ਹੀ ਝੱਲਣਾ ਪਿਆ ਹੈ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ ,**
**9814824215**

# ਹਾਸ-ਵਿਅੰਗ: ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ....

ਜਦ ਕਦੇ,ਕਿਸੇ ਦੇ ਚਿਹਰੇ ਤੇ ਹਸੀਨ ਮੁਸਕਰਾਹਟ,ਮੋਤੀਆਂ ਵਰਗੇ ਚਿੱਟੇ ਦੰਦਾ ਤੋਂ ਨਿਕਲ ਕੇ ਗੁਲਾਬ ਜਿਹੇ ਬੁਲ੍ਹਾਂ ਤੇ ਖਿੱਲਰਦੀ ਹੈ ਤਾਂ ਮਨ ਅਤੇ ਅੱਖਾਂ ਆਕਰਸ਼ਕ ਹੋਣ ਦੇ ਨਾਲ-ਨਾਲ,ਉਸ 'ਤੇ ਜਾਨ ਕੁਰਬਾਨ ਕਰਨ ਨੂੰ ਵੀ ਜੀ ਕਰ ਆਉਂਦਾ ਹੈ। ਫਿਰ ਆਪ ਮੁਹਾਰੇ ਕਿਹਾ ਜਾਂਦਾ ਹੈ ਕਿ ਹਾਏ! ਇਹ ਮੁਸਕਰਾਹਟ ਵੀ ਕੀ ਸ਼ੈਅ ਹੈ,ਜੋ ਬਿਨਾਂ ਤੀਲ੍ਹੀ ਲਾਇਆਂ ਹੀ ਮਨ ਦੇ ਭਾਵਾਂ ਨੂੰ ਅੱਗ ਲਾ ਦਿੰਦੀ ਹੈ। ਇਸ ਮੱਚ-ਮਚਾਈ ਦੇ ਸੇਕ ਤੋਂ ਬਚਣ ਲਈ ਦਿਮਾਗ਼,ਤਸਵੀਰ ਦਾ ਦੂਜਾ ਪਾਸਾ ਦਿਖਾਉਣ ਦਾ ਯਤਨ ਕਰਨ ਲੱਗ ਜਾਂਦਾ ਹੈ। ਮਨ ਵਿਗਿਆਨ ਅਨੁਸਾਰ,ਮੁਸਕਰ-ਾਹਟ ਮਨੁੱਖ ਦੀ ਅੱਠਵੀਂ ਇੰਦਰੀ ਸਮਝੀ ਜਾਂਦੀ ਹੈ, ਜਿਸ ਦਾ ਸਬੰਧ ਜਿਸਮ ਦੇ ਅੰਦਰਲੇ ਹਾਵ-ਭਾਵ ਨਾਲ ਹੁੰਦਾ ਹੈ ਅਤੇ ਇਸ ਦਾ ਪ੍ਰਭਾਵ ਬਾਹਰੀ ਦੁਨੀਆ ਉੱਤੇ ਵੀ ਪੈਂਦਾ ਹੈ। ਜਿਸ ਤਰਾਂ ਪੰਜ ਗਿਆਨ ਇੰਦਰੀਆਂ ਵਿੱਚੋਂ,ਜੇ ਕੋਈ ਇੱਕ ਇੰਦਰੀ ਜਿਵੇਂ ਕਿ ਅੱਖਾਂ ਦੀ ਜੋਤ ਖ਼ਤਮ ਹੋ ਜਾਏ ਤਾਂ ਮਨੁੱਖ ਅੰਨ੍ਹਾ ਹੋ ਜਾਂਦਾ ਹੈ,ਅਪਾਹਜ ਹੋ ਕੇ ਕਸ਼ਟ ਝੱਲਦਾ ਹੈ। ਇਸੇ ਤਰ੍ਹਾਂ ਜੇਕਰ ਇਹ ਅੱਠਵੀਂ ਇੰਦਰੀ "ਮੁਸਕਰਾਹਟ", ਜੀਵਨ ਵਿੱਚੋਂ ਘੱਟ ਕਾਰਜਸ਼ੀਲ ਜਾਂ ਖ਼ਤਮ ਹੋ ਜਾਵੇ ਤਾਂ ਵਿਅਕਤੀ ਅੰਦਰੂਨੀ, ਸਰੀਰਕ, ਮਨੋਵਿਗਿਆਨਕ ਅਤੇ ਅਧਿਆਤਮਿਕ ਅਪੰਗਤਾ ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਇਹ ਸਿਧਾਂਤ ਸਾਰਿਆਂ ਤੇ ਲਾਗੂ ਨਹੀਂ ਹੁੰਦਾ। ਇਸ ਜਹਾਨ ਵਿੱਚ ਕੁੱਝ ਲੋਕ ਅਜਿਹੇ ਵੀ ਹੁੰਦੇ ਹਨ,ਜੋ ਮੁਸਕਰਾਉਣ ਦੇ ਮਾੜੇ ਪ੍ਰਭਾਵਾਂ ਤੋਂ ਡਰਦੇ ਹਨ। ਉਹ ਸੋਚਦੇ ਹਨ ਕਿ ਜੇਕਰ ਉਨ੍ਹਾਂ ਦੇ ਮੁਖੜੇ 'ਤੇ ਮੁਸਕਰਾਹਟ ਕਦੇ ਭੁੱਲ-ਭੁਲੇਖੇ ਆ ਗਈ ਤਾਂ ਉਨ੍ਹਾਂ 'ਤੇ ਇਹ ਭਾਰੂ ਨਾ ਬਣ ਜਾਵੇ।? ਉਦਾਹਰਨ ਵਜੋਂ ਆਮ ਤੋਰ 'ਤੇ ਹਰ ਮੁਲਾਜ਼ਮ (ਸਰਕਾਰੀ ਜਾਂ ਗ਼ੈਰ ਸਰਕਾਰੀ) ਆਪਣੇ ਉਤਲੇ ਅਫ਼ਸਰ ਨਾਲ ਮੁਸਕਰਾ ਕੇ ਗੱਲ ਕਰਨੋਂ ਝਿਜਕਦਾ ਹੈ। ਇਸੇ ਤਰਾਂ ਕਈ ਵਿਆਹੁਤਾ ਲੋਕ ਵੀ, ਜਦੋਂ ਦਫ਼ਤਰੋਂ ਘਰ ਵੱਲ ਮੋੜਾ ਪਾਉਂਦੇ ਹਨ ਤਾਂ ਆਪਣੇ ਆਪ ਨੂੰ ਆਪਣੀ ਘਰ ਵਾਲੀ ਨੂੰ ਬਹੁਤ ਮੁਸਕਰਾਉਂਦੇ ਦੇਖ ਕੇ ਪਰੇਸ਼ਾਨ ਹੋ ਜਾਂਦੇ ਹਨ । ਉਹ ਝਟ ਪੁੱਠਾਂ ਸੋਚਣ ਲੱਗ ਜਾਂਦੇ ਹਨ ਕਿ ਉਹ ਤਾਂ ਦਿਨ ਰਾਤ ਮਿਹਨਤ/ਖ਼ੁਸ਼ਾਮਦ ਜਾਂ ਹੇਰਾ ਫੇਰੀ ਕਰਦਾ ਮਰ ਜਾਂਦਾ ਹੈ ਅਤੇ ਇਹਨੂੰ ਆ ਹੱਸਣਾ-ਹਸਾਉਣਾ ਤਮਾਸ਼ਾ ਲੱਗਦਾ। ਉਹ ਮਨ ਵਿੱਚ ਸੋਚਦਾ ਹੈ ਕਿ ਇਹ ਕਿਤੇ ਕੋਈ ਆਪਣੇ ਲਈ ਵੱਡਾ ਕੀਮਤੀ ਤੋਹਫ਼ਾ ਲੈਣ ਦੀ ਫ਼ਰਮਾਇਸ਼ ਤਾਂ ਨਹੀਂ ਕਰਨ ਦੀ ਸੋਚਦੀ? ਬੱਸ ,ਇੱਕ ਚੰਦਰੀ ਸੋਚ ਨੇ ਮੁਸਕਰਾਹਟ ਨੂੰ ਮੁਰਝਾ ਸੁੱਟਿਆ।

ਕਹਿੰਦੇ ਨੇ ਕਿ ਮੁਸਕਰਾਹਟ ਬਹੁਤ ਸ਼ਕਤੀਸ਼ਾਲੀ ਹੁੰਦੀ ਹੈ,,ਕਈ ਵਾਰ ਇਹ ਮਨ ਦੇ ਅਸਥਾਈ ਮਾਮਲੇ ਅਤੇ ਰਿਸ਼ਤੇ ਸੁਧਾਰ ਦਿੰਦੀ ਹੈ 'ਤੇ ਕਈ ਵਾਰ ਇੰਨੇ ਵਿਗਾੜ ਦਿੰਦੀ ਹੈ ਕਿ ਫਿਰ ਸੰਭਾਲਿਆ ਨਹੀਂ ਸੰਭਲਦੇ।

ਲਉ ਸੁਣੋ - ਇੱਕ ਸੱਜਣ ਬਹੁਤ ਹੱਸ ਮੁੱਖ ਸੀ, ਉਹ ਅਜਿਹੀ 'ਸੁੰਦਰੀ' ਨਾਲ ਵਿਆਹ ਕਰਨਾ ਚਾਹੁੰਦਾ ਸੀ ਜੋ ਉਹ ਆਪ ਵੀ ਖ਼ੁਸ਼ ਰਹੇ ਅਤੇ ਉਸ ਨੂੰ ਵੀ ਖ਼ੁਸ਼ ਰੱਖੇ। ਭਾਵ, ਉਹ ਆਪਣੀ ਜ਼ਿੰਦਗੀ ਹੱਸਦੇ-ਹੱਸਦੇ ਗੁਜ਼ਾਰਨਾ ਚਾਹੁੰਦਾ ਸੀ। ਭਲਾ ਕੋਈ ਉਸ ਤੋਂ ਪੁੱਛੇ ਕਿ ਕੌਣ ਨਹੀਂ ਚਾਹੁੰਦਾ ਇਹ ਬੂਰ ਦੇ ਲੱਡੂ ਖਾਣੇ ਜਾਂ ਚਿੱਟੇ ਦੰਦਾਂ 'ਚੋਂ ਕਿਰਦੇ ਮਖਾਣੇ? ਦਿਲ ਤਾਂ ਹਰ ਇਕ ਦਾ ਕਰਦਾ ਪਰ ਜੇ ਕੋਈ ਦਿਲ ਵਿੱਚ ਅਜਿਹੀ ਗੱਲ ਠਾਣ ਲਏ ਤਾਂ ਫਿਰ ਰੋਕ ਵੀ ਕੌਣ ਸਕਦਾ? ਫ਼ਰਹਾਦ ਨੂੰ ਹੀ ਦੇਖ ਲਵੋ,ਆਪਣੇ ਤੇਸੇ ਨਾਲ ਪਹਾੜ 'ਚੋਂ ਸ਼ੀਰੀਂ ਲਈ ਨਹਿਰ ਕੱਢ ਲਿਆਇਆ ਸੀ। ਚੱਲੋ,ਦੇਵਨੇਤ ਨਾਲ, ਉਹ ਨੇ ਇੱਕ ਅਜਿਹੀ 'ਅਪਸਰਾ'ਭਾਲ ਲਈ ਜਿਸ ਦੀ ਮੁਸਕਰਾਹਟ ਨਾਲ ਉਹਨੂੰ 'ਇਸ਼ਕ-ਵਿਸ਼ਕ'ਹੋ ਗਿਆ ਅਤੇ ਆਪਣੇ ਹੁਨਰਮਈ ਕਮਾਲ ਜਾਂ ਜਾਲ ਨਾਲ ਵਿਆਹ ਕਰਾਉਣ ਵਿੱਚ ਸਫਲ ਹੋ ਗਿਆ। ਵਿਆਹ ਤੋਂ ਕੁੱਝ ਦਿਨਾਂ ਪਿੱਛੋਂ ਹੀ ਪਤਾ ਲੱਗ ਗਿਆ ਕਿ ਪਰੀ ਜਿਹੀ ਔਰਤ ਦੀ ਮੁਸਕਰਾਹਟ ਜਿੰਨੀ ਮਨਮੋਹਕ ਸੀ, ਉਸ ਦੀ ਸ਼ਖ਼ਸੀਅਤ ਓਨੀ ਹੀ ਥੋਹਰ ਦੇ ਕੰਢਿਆਂ ਜਿੰਨੀ ਤਿਖੀ। ਉਹੀ ਨੂਰਾਨੀ ਔਰਤ ਜੋ ਵਿਆਹ ਤੋਂ ਪਹਿਲਾਂ ਮੁਸਕਰਾਉਂਦੀ ਹੋਈ ਹਾਸਿਆਂ ਦੇ ਫੁੱਲ ਕੇਰਦੀ ਪਾਈ ਗਈ ਸੀ, ਹੁਣ ਆਪਣੇ ਪਤੀ, ਸੱਸ-ਸਹੁਰੇ ਅਤੇ ਘਰ ਦੇ ਹਾਲਾਤ ਨੂੰ ਕਾਬੂ ਵਿੱਚ ਕਰਨ ਲਈ ਸਖ਼ਤ ਨੀਤੀ ਅਪਣਾਉਣ ਲੱਗੀ, ਜਿਸ ਵਿਚ ਕੋਈ ਮੁਸਕਰਾਹਟ ਵਾਲੀ ਗੱਲ-ਬਾਤ ਨਹੀਂ ਰਹੀ ਸੀ। ਇਸ ਆਪ ਸਹੇੜੇ 'ਸੰਜੋਗ'ਨੇ ਸਾਰਿਆਂ ਦੀ ਮੁਸਕਰਾਹਟ ਗੁਆ ਦਿੱਤੀ,ਜਿਵੇਂ ਵੋਟਰ ਆਪਣੀ ਵੋਟ ਕਿਸੇ ਪਾਰਟੀ ਨੂੰ ਦੇਣ ਤੋਂ ਬਾਅਦ ਆਪਣਾ ਹੱਕ ਗੁਆ ਬੈਠਦਾ । ਉਹ ਵਿਚਾਰਾ ਪਤੀ ਦੇਵ, ਜਿਸ ਨੇ 'ਮੁਸਕਰਾਹਟ'ਦੀ ਖਿੱਚ ਕਾਰਨ ਵਿਆਹ ਕਰਵਾਇਆ ਸੀ,ਉਹਦਾ ਹਾਸਾ ਤਾਂ ਕਿਤੇ ਉੱਡ-ਪੁੱਡ ਗਿਆ ਅਤੇ ਹੁਣ 'ਦੀਦਾਰ -ਏ-ਤਬੱਸਮ' ਦੀ ਸਜ਼ਾ ਭੁਗਤ ਰਿਹਾ ਹੈ। ਹੁਣ ਉਹਦੀ ਸੋਚ ਹੱਸਣ-ਹਸਾਉਣ ਪ੍ਰਤੀ ਬਦਲ ਗਈ ਹੈ। ਜਦ ਉਹ ਦੂਜੀਆਂ 'ਬੀਬੀਆਂ' ਨੂੰ ਹੱਸਦਾ ਦੇਖਦਾ ਹੈ ਤਾਂ ਮਨ ਵਿੱਚ ਤਸੱਲੀ ਲਿਆਉਂਦਾ ਆਪਣੇ-ਆਪ ਨੂੰ ਆਖਦਾ ਕਿ ਹੇ ਪਿਆਰੇ, ਜਿੰਨਾ ਪਤੀਆਂ ਦੀਆਂ ਇਹ ਪਤਨੀਆਂ ਹਨ ਜਾਂ ਬਣਨਗੀਆਂ, ਉਨ੍ਹਾਂ ਦੀ ਕਿਸਮਤ ਵੀ ਏਵੇਂ ਲੜਖੜਾਊ। ਇਸੇ ਲਈ ਲੋਕ ਐਵੇਂ ਤਾਂ ਨਹੀਂ ਕਹਿੰਦੇ ਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।ਹਰ ਮੁਸਕਰ-ਾਉਣ ਵਾਲਾ ਵਿਅਕਤੀ,ਜੋ ਉੱਪਰੋਂ ਦਿਸਦਾ ਹੈ ਉਹ ਅੰਦਰੋਂ ਵੀ ਉਸੇ ਤਰ੍ਹਾਂ ਦਾ ਸਾਬਤ-ਸਬੂਤ ਵੀ ਹੋਊ।

-- ਹੁਣ ਉਸ ਸੱਜਣ ਨੂੰ ਵੀ ਸਮਝ ਆ ਗਈ ਸੀ ਕਿ ਵਿਆਹ ਪਿੱਛੋਂ ਜ਼ਿੰਦਗੀ ਗੁਜ਼ਾਰਨਾ ਵੀ ਸਬਰ,ਸੰਤੋਖ ਦੇ ਵਿਚਕਾਰਲੇ ਰਾਹ ਤੇ ਚੱਲਨਾ ਹੁੰਦਾ ਹੈ। ਇਹ ਦੁਨੀਆ ਆਪਣੀਆਂ ਨਿੱਜੀ ਕਾਮਨਾਵਾਂ ਪੂਰੀਆਂ ਕਰਨਾ ਹੀ ਨਹੀਂ ਸਗੋਂ ਇਹ ਤਾਂ ਪ੍ਰੀਖਿਆ ਦੀ ਜਗ੍ਹਾ ਹੈ,ਜਿੱਥੇ ਹਰ ਪਲ ਕੁੱਝ ਨਾ ਕੁੱਝ ਵਾਪਰਦਾ ਹੀ ਰਹਿੰਦਾ ਹੈ। ਲੋੜ ਪੈਣ ਤੇ ਕਦੇ-ਕਦੇ ਅਤੀਤ ਦੀਆਂ ਕਲਪਨਾਤਮਿਕ ਯਾਦਾਂ ਦੀਆਂ ਗਲੀਆਂ ਵਿੱਚ ਜਾਣਾ ਵੀ ਠੀਕ ਹੁੰਦਾ ਹੈ, ਜਿੱਥੇ ਅਧੂਰੀਆਂ ਇੱਛਾਵਾਂ ਦਾ ਅਨੰਦ ਮਾਣੀਆਂ ਜਾ ਸਕਦਾ ਹੈ; ਆਪਣੇ ਆਪ 'ਤੇ ਖੁੱਲ ਕੇ ਹੱਸਿਆ ਜਾ ਸਕਦਾ ਹੈ। ਮਿਰਜ਼ਾ ਗ਼ਾਲਿਬ ਨੇ ਆਪਣੇ ਮਸ਼ਹੂਰ ਸ਼ਿਅਰ ਵਿੱਚ ਵੀ ਕਿਹਾ ਹੈ;

'ਦਿਲ ਕੇ ਬਹਿਲਾਨੇ ਕੋ ਗ਼ਾਲਿਬ ਯੇ ਖ਼ਿਆਲ ਇੱਛਾ ਹੈ ।'

ਕਈ ਵਾਰ, ਅਸੀਂ ਬੇਲੋੜੀ ਸਮੱਸਿਆ ਪੈਦਾ ਕਰ ਦਿੰਦੇ ਹਾਂ ਜੋ ਦੂਜਿਆਂ ਦੇ ਦਿਮਾਗ਼ ਵਿੱਚ ਨਹੀਂ ਹੁੰਦੀ ਅਤੇ ਅਜਿਹੇ ਵਿਚਾਰ ਸਾਡੀ ਮੁਸਕਰਾਹਟ ਨੂੰ ਦੂਰ ਲੈ ਜਾਂਦੇ ਹਨ। ਅਜਿਹੀ ਸਥਿਤੀ ਨਾ ਬਣਾਈਏ ਕੇ ਲੋਕ ਮਾਮਾ 'ਸ਼ਕੁਨੀ' ਕਹਿਣ ਲੱਗ ਜਾਣ।(ਮਹਾਂਭਾਰਤ ਦਾ ਇੱਕ ਪਾਤਰ)

---

ਸੁਹਿਰਦ ਪਾਠਕੋ! ਕਿਤੇ ਗ਼ੁੱਸਾ ਨਾ ਕਰ ਬੈਠਿਓ ਕਿ ਮੈਂ ਤੁਹਾਡਾ ਕੀਮਤੀ ਸਮਾ ਇਹ ਊਟ-ਪਟਾਂਗ ਲੇਖ ਨੂੰ ਪੜ੍ਹਨ ਵਿੱਚ ਬਰਬਾਦ ਕਰਵਾ ਦਿੱਤਾ ਹੈ। ਜੇਕਰ ਅਜਿਹਾ ਹੈ,ਤਾਂ ਵੀ ਇੱਕ ਵਾਰ ਉੱਚੀ-ਉੱਚੀ ਹੱਸਣ ਦੀ ਮਸ਼ਕ ਕਰ ਕੇ ਦੇਖ ਲੈਣਾ। ਤੁਹਾਡਾ ਕੋਈ ਸਾਥੀ ਤੁਹਾਡੇ ਇਸ ਵਿਵਹਾਰ ਤੇ ਹੈਰਾਨੀ ਪ੍ਰਗਟਾਉਂਦਿਆਂ 'ਕਮਲਾ' ਕਹਿ ਸਕਦਾ ਹੈ। ਕਮਲਾ ਤਾਂ ਜੇ ਕੋਈ ਪਿਆਰ ਨਾਲ ਮੈਨੂੰ ਕਹਿ ਦੇਵੇ ਤਾਂ ਭਾਵੇਂ ਮੇਰੀ ਜਾਨ ਲੈ ਜਾਵੇ--ਰੱਬ ਦੀ ਸੌਂ ਭੋਰਾ ਸੀ ਨਾ ਕਰਾਂ। ਮੈਨੂੰ ਵੀ ਹੁਣ ਆਪਣਾ ਪੰਜਾਬੀ ਲੇਖਕ ਲਾਲ ਸਿੰਘ (ਕਮਲਾ ਅਕਾਲੀ) ਯਾਦ ਆ ਗਿਆ। ਉਹਦਾ ਕਿਤਾਬੀ ਰੂਪ ਵਿੱਚ ਮਾਰਿਆਂ 'ਕਮਲ' ਬਹੁਤ ਉੱਚ ਦਰਜੇ ਦਾ ਹੈ।

ਲੰਬੀ ਉਮਰ ਜੀਵੋ ਤੇ ਜੀਣ ਦਿਉ — ਪਿਆਰੀ ਮੁਸਕਰਾਹਟ ਦੇ ਨਾਲ!



**ਸੁਰਜੀਤ ਸਿੰਘ ਭੁੱਲਰ**

# ਬੋਧੀ ਭਾਈਚਾਰੇ ਦੇ ਆਗੂਆਂ ਦਾ ਇੱਕ ਵਫ਼ਦ ਮਹਿੰਦਰ ਭਗਤ ਕੈਬਨਿਟ ਮੰਤਰੀ ਨੂੰ ਮਿਲਿਆ













**ਜਲੰਧਰ,7 ਅਪ੍ਰੈਲ (ਪਰਮਜੀਤ ਜੱਸਲ)–** ਬੋਧੀ ਭਾਈਚਾਰੇ ਦੇ ਆਗੂਆਂ ਅਤੇ ਬੁੱਧੀਜੀਵੀਆਂ ਵੱਲੋਂ ਇੱਕ ਵਫਦ ਮਾਨਯੋਗ ਮਹਿੰਦਰ ਭਗਤ ਕੈਬਨਿਟ ਮੰਤਰੀ ਪੰਜਾਬ ਨੂੰ ਉਹਨਾਂ ਦੇ ਦਫਤਰ ਜਲੰਧਰ ਵਿਖੇ ਮਿਲਿਆ ਅਤੇ ਇੱਕ ਮੈਮੋਰੰਡਮ ਦਿੱਤਾ ਗਿਆ।ਜਿਸ 'ਚ ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਤੋਂ ਮੰਗ ਕੀਤੀ ਗਈ ਕਿ ਬੁੱਧ ਪੂਰਨਿਮਾ ਦੀ ਪੰਜਾਬ ਵਿੱਚ ਗਜ਼ਟਿਡ ਛੁੱਟੀ ਕੀਤੀ ਜਾਵੇ ਅਤੇ ਘੱਟ ਗਿਣਤੀ ਕਮਿਸ਼ਨ ਪੰਜਾਬ ਵਿੱਚ ਬੋਧੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ। ਕੈਬਨਿਟ ਮੰਤਰੀ ਮਹਿੰਦਰ ਭਗਤ ਜੀ ਨੇ ਭਰੋਸਾ ਦਿਵਾਇਆ ਕਿ ਬੋਧੀ ਭਾਈਚਾਰੇ ਦੀਆਂ ਮੰਗਾਂ ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਤੋਂ ਹੱਲ ਕਰਵਾਇਆ ਜਾਵੇਗਾ। ਇਸ ਮੌਕੇ 'ਤੇ ਐਡਵੋਕੇਟ ਹਰਭਜਨ ਸਾਂਪਲਾ,ਡਾ.ਹਰਬੰਸ ਲਾਲ ਬਿਰਦੀ ਯੂਕੇ, ਚੰਚਲ ਬੌਧ, ਮੁੰਨਾ ਲਾਲ ਬੌਧ, ਤਰਲੋਕ ਮਾਨ ਬੌਧ, ਰਜਿੰਦਰ ਕੁਮਾਰ ਬੌਧ,ਅਮਨਦੀਪ ਬੌਧ, ਅਜੀਤ ਕੁਮਾਰ ਬੌਧ,ਨਰਿੰਦਰ ਕੁਮਾਰ ਬੌਧ, ਕੌਸ਼ਲ ਬੌਧ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

# ਔਰਤ ਕਦੇ ਵੀ ਜੰਗ ਨਹੀਂ ਮੰਗਦੀ: ਹੱਕਾਂ ਦੀ ਨਵੀਂ ਲੜਾਈ ਅਤੇ ਸਮਾਜਿਕ ਸੱਚ

ਇਤਿਹਾਸ ਗਵਾਹ ਹੈ ਕਿ ਜੰਗਾਂ ਚਾਹੇ ਸਰਹੱਦਾਂ 'ਤੇ ਲੜੀਆਂ ਜਾਣ ਜਾਂ ਘਰਾਂ ਦੀਆਂ ਚਾਰ-ਦੀਵਾਰੀਆਂ ਦੇ ਅੰਦਰ, ਇਸਦਾ ਸਭ ਤੋਂ ਭਿਆਨਕ ਰੂਪ ਔਰਤ ਨੂੰ ਹੀ ਦੇਖਣਾ ਪੈਂਦਾ ਹੈ। ਔਰਤ, ਜੋ ਸਿਰਜਣਾ ਦੀ ਪ੍ਰਤੀਕ ਹੈ, ਜੋ ਜੀਵਨ ਨੂੰ ਜਨਮ ਦਿੰਦੀ ਹੈ, ਉਹ ਕਦੇ ਵੀ ਵਿਨਾਸ਼ ਭਾਵ 'ਜੰਗ' ਦੀ ਚਾਹਤ ਨਹੀਂ ਰੱਖ ਸਕਦੀ। ਪਰ ਵਿਡੰਬਨਾ ਇਹ ਹੈ ਕਿ ਜਿਸ ਔਰਤ ਨੇ ਕਦੇ ਜੰਗ ਨਹੀਂ ਮੰਗੀ, ਉਹ ਸਦੀਆਂ ਤੋਂ ਕਈ ਤਰ੍ਹਾਂ ਦੀਆਂ ਅਣਮੰਗੀਆਂ ਜੰਗਾਂ ਦੀ ਬਲੀ ਚੜ੍ਹਦੀ ਆ ਰਹੀ ਹੈ। ਅੱਜ ਜਿਸ ਤਰ੍ਹਾਂ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਜੰਗਾਂ ਦਾ ਮਾਹੌਲ ਬਣਿਆ ਹੋਇਆ ਹੈ, ਉਸ ਦਾ ਸਭ ਤੋਂ ਮਾੜਾ ਪ੍ਰਭਾਵ ਅਤੇ ਖਮਿਆਜ਼ਾ ਔਰਤ ਨੂੰ ਹੀ ਭੁਗਤਣਾ ਪੈ ਰਿਹਾ ਹੈ। ਜੰਗ ਦੇ ਵੱਖ-ਵੱਖ ਰੂਪ: ਜੰਗ ਸਿਰਫ਼ ਗੋਲੀ-ਬਾਰੂਦ ਦਾ ਨਾਮ ਨਹੀਂ ਹੈ। ਔਰਤ ਰੋਜ਼ਾਨਾ ਕਈ ਮੋਰਚਿਆਂ 'ਤੇ ਜੰਗ ਲੜਦੀ ਹੈ। 'ਭੁੱਖੇ ਢਿੱਡ ਦੀ ਜੰਗ' ਵਿੱਚ ਜਦੋਂ ਘਰ ਵਿੱਚ ਅੰਨ ਦੀ ਕਮੀ ਹੁੰਦੀ ਹੈ, ਤਾਂ ਉਹ ਮਾਂ ਬਣ ਕੇ ਆਪਣਾ ਹਿੱਸਾ ਮਾਰ ਕੇ ਬੱਚਿਆਂ ਦਾ ਪੇਟ ਭਰਦੀ ਹੈ। 'ਸਮਾਜਿਕ ਜੰਗ' ਵਿੱਚ ਉਹ ਆਪਣੀ ਹਸਤੀ ਨੂੰ ਬਚਾਉਣ ਲਈ ਲੜਦੀ ਹੈ ਅਤੇ 'ਵਿਚਾਰਾਂ ਦੀ ਜੰਗ' ਵਿੱਚ ਉਸਦੀ ਆਵਾਜ਼ ਨੂੰ ਅਕਸਰ ਰੂੜੀਵਾਦੀ ਪਰੰਪਰਾਵਾਂ ਹੇਠ ਦਬਾ ਦਿੱਤਾ ਜਾਂਦਾ ਹੈ। ਇਨ੍ਹਾਂ ਸਾਰੀਆਂ ਜੰਗਾਂ ਵਿੱਚ ਨੁਕਸਾਨ ਉਸ ਔਰਤ ਦਾ ਹੁੰਦਾ ਹੈ ਜੋ ਕਿਸੇ ਦੀ ਮਾਂ, ਕਿਸੇ ਦੀ ਭੈਣ ਅਤੇ ਕਿਸੇ ਦੀ ਪਤਨੀ ਹੈ। ਜਦੋਂ ਸਰਹੱਦ 'ਤੇ ਜੰਗ ਲੱਗਦੀ ਹੈ, ਤਾਂ ਸ਼ਹੀਦ ਹੋਣ ਵਾਲਾ ਕਿਸੇ ਮਾਂ ਦਾ ਪੁੱਤ ਜਾਂ ਕਿਸੇ ਪਤਨੀ ਦਾ ਸੁਹਾਗ ਹੁੰਦਾ ਹੈ, ਉਸ ਜੰਗ ਦੀ ਅਸਲ ਕੀਮਤ ਉਹ ਔਰਤ ਉਮਰ ਭਰ ਇਕੱਲਤਾ ਅਤੇ ਦਰਦ ਨਾਲ ਚੁਕਾਉਂਦੀ ਹੈ। ਸ਼ੋਸ਼ਣ ਦੀਆਂ ਪਰਤਾਂ ਅਤੇ ਮਾਨਸਿਕ ਤਸ਼ੱਦਦ: ਸਮਾਜਿਕ ਬਣਤਰ ਵਿੱਚ ਔਰਤ ਨੂੰ ਹਮੇਸ਼ਾ ਇੱਕ 'ਵਸਤੂ' ਜਾਂ 'ਸਾਧਨ' ਵਜੋਂ ਦੇਖਿਆ ਗਿਆ ਹੈ, ਜਿਸਦੀ ਆਪਣੀ ਕੋਈ ਇੱਛਾ ਜਾਂ ਹੋਂਦ ਨਹੀਂ ਮੰਨੀ ਜਾਂਦੀ। ਇਸ ਸ਼ੋਸ਼ਣ ਦੀ ਸਭ ਤੋਂ ਭਿਆਨਕ ਤਸਵੀਰ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਉਸਦੇ ਸਰੀਰ ਅਤੇ ਰੂਹ 'ਤੇ ਸਮਾਜਿਕ ਫੈਸਲੇ ਥੋਪੇ ਜਾਂਦੇ ਹਨ। ਅੱਜ ਦੇ ਦੌਰ ਵਿੱਚ ਵੀ, ਉਸ 'ਤੇ ਇਹ ਦਬਾਅ ਬਣਾਇਆ ਜਾਂਦਾ ਹੈ ਕਿ ਉਹ ਆਪਣੀ ਸਿਹਤ ਅਤੇ ਮਰਜ਼ੀ ਦੀ ਪਰਵਾਹ ਕੀਤੇ ਬਿਨਾਂ, ਸਿਰਫ਼ 'ਵੰਸ਼-ਬੇਲ' ਨੂੰ ਅੱਗੇ ਵਧਾਉਣ ਲਈ ਚਾਰ-ਚਾਰ ਬੱਚੇ ਪੈਦਾ ਕਰੇ। ਕੀ ਕਦੇ ਕਿਸੇ ਨੇ ਉਸ ਔਰਤ ਦੀ ਰੂਹ ਨੂੰ ਪੁੱਛਿਆ ਹੈ ਕਿ ਉਹ ਕੀ ਚਾਹੁੰਦੀ ਹੈ? ਉਸਦੇ ਸਰੀਰ ਨੂੰ ਸਿਰਫ਼ ਇੱਕ ਉਪਜਾਊ ਜ਼ਮੀਨ ਸਮਝ ਲਿਆ ਜਾਂਦਾ ਹੈ, ਜਿਸ 'ਤੇ ਫੈਸਲਾ ਲੈਣ ਦਾ ਹੱਕ ਸਿਰਫ਼ ਮਰਦ ਪ੍ਰਧਾਨ ਸਮਾਜ ਦਾ ਹੁੰਦਾ ਹੈ। ਇਸ ਤੋਂ ਵੀ ਵੱਡੀ ਨੈਤਿਕ ਗਿਰਾਵਟ ਉਦੋਂ ਮਿਲਦੀ ਹੈ, ਜਦੋਂ ਜੰਗ ਜਾਂ ਕਿਸੇ ਮਜਬੂਰੀ ਕਾਰਨ ਔਰਤ ਦਾ ਪਤੀ ਉਸ ਤੋਂ ਦੂਰ ਹੁੰਦਾ ਹੈ। ਅਜਿਹੀ ਹਾਲਤ ਵਿੱਚ, ਪਰਿਵਾਰਕ ਲੋੜਾਂ ਜਾਂ 'ਸਰੀਰਕ ਜ਼ਰੂਰਤਾਂ' ਦੇ ਨਾਮ ਹੇਠ ਉਸ 'ਤੇ ਅਣਮਨੁੱਖੀ ਦਬਾਅ ਪਾਇਆ ਜਾਂਦਾ ਹੈ ਕਿ ਉਹ ਆਪਣੇ ਜੇਠ ਜਾਂ ਦਿਉਰ ਨਾਲ ਸਬੰਧ ਬਣਾਵੇ। ਇਹ ਔਰਤ ਦੀ ਮਾਨਸਿਕਤਾ ਅਤੇ ਉਸਦੇ ਸੰਸਕਾਰਾਂ ਦਾ ਘਾਣ ਹੈ। ਜਿਸ ਜੇਠ ਨੂੰ ਉਹ ਪਿਤਾ-ਸਮਾਨ ਵੱਡਾ ਭਰਾ ਮੰਨਦੀ ਹੈ ਅਤੇ ਜਿਸ ਦਿਉਰ ਨੂੰ ਉਹ ਪੁੱਤਰਾਂ ਵਾਂਗ ਲਾਡ ਲਡਾਉਂਦੀ ਹੈ, ਉਸੇ ਰਿਸ਼ਤੇ ਦੀ ਪਵਿੱਤਰਤਾ ਨੂੰ 'ਸਮਝੌਤੇ' ਦੀ ਭੇਂਟ ਚੜ੍ਹਾ ਦਿੱਤਾ ਜਾਂਦਾ ਹੈ। ਇਹ ਸਿਰਫ਼ ਸਰੀਰਕ ਸ਼ੋਸ਼ਣ ਨਹੀਂ, ਸਗੋਂ ਉਸਦੀ ਰੂਹ ਦਾ ਕਤਲ ਹੈ। ਜੰਗ ਦੀ ਤਬਾਹੀ ਅਤੇ ਮੌਜੂਦਾ ਚੁਣੌਤੀਆਂ: ਮੌਜੂਦਾ ਦੌਰ ਵਿੱਚ ਜੰਗਾਂ ਦੇ ਸਰੂਪ ਹੋਰ ਵੀ ਘਾਤਕ ਹੋ ਗਏ ਹਨ। ਜੰਗ ਸਿਰਫ਼ ਇਮਾਰਤਾਂ ਨਹੀਂ ਢਾਹੁੰਦੀ, ਸਗੋਂ ਆਉਣ ਵਾਲੀਆਂ ਨਸਲਾਂ ਨੂੰ ਵੀ ਅਪਾਹਜ ਕਰ ਦਿੰਦੀ ਹੈ। ਅੱਜ ਦੀਆਂ ਜੰਗਾਂ ਕਾਰਨ ਪੈਦਾ ਹੋਈਆਂ ਸ਼ਰਨਾਰਥੀ ਸਮੱਸਿਆਵਾਂ ਵਿੱਚ ਸਭ ਤੋਂ ਵੱਧ ਸ਼ੋਸ਼ਣ ਔਰਤਾਂ ਅਤੇ ਬੱਚਿਆਂ ਦਾ ਹੁੰਦਾ ਹੈ। ਆਰਥਿਕ ਮੰਦੀ, ਮਹਿੰਗਾਈ ਅਤੇ ਅਸੁਰੱਖਿਆ ਦੇ ਮਾਹੌਲ ਵਿੱਚ ਔਰਤ ਨੂੰ ਆਪਣੀ ਮਰਿਆਦਾ ਅਤੇ ਹੋਂਦ ਬਚਾਉਣੀ ਔਖੀ ਹੋ ਜਾਂਦੀ ਹੈ। ਜੰਗ ਨਾਲ ਸਿਰਫ਼ ਖ਼ੂਨ ਨਹੀਂ ਵਗਦਾ, ਸਗੋਂ ਮਾਨਵੀ ਕਦਰਾਂ-ਕੀਮਤਾਂ ਦਾ ਵੀ ਘਾਣ ਹੁੰਦਾ ਹੈ। ਗਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਜੰਗ ਦੀ ਹੀ ਦੇਣ ਹਨ, ਜੋ ਸਭ ਤੋਂ ਪਹਿਲਾਂ ਔਰਤ ਦੀ ਰਸੋਈ ਅਤੇ ਉਸਦੇ ਸਕੂਨ 'ਤੇ ਹਮਲਾ ਕਰਦੀਆਂ ਹਨ। ਹੱਕਾਂ ਲਈ 'ਜ਼ਰੂਰੀ' ਜੰਗ: ਪਰ ਇੱਥੇ ਇੱਕ ਸਵਾਲ ਪੈਦਾ ਹੁੰਦਾ ਹੈ, ਕੀ ਹਰ ਜੰਗ ਮਾੜੀ ਹੁੰਦੀ ਹੈ? ਜੰਗ ਕਦੇ ਵੀ ਹਰ ਮਸਲੇ ਦਾ ਹੱਲ ਨਹੀਂ ਹੋ ਸਕਦੀ ਅਤੇ ਨਾ ਹੀ ਇਸ ਨਾਲ ਕਦੇ ਕਿਸੇ ਦਾ ਭਲਾ ਹੋਇਆ ਹੈ। ਪਰ ਇਤਿਹਾਸ ਗਵਾਹ ਹੈ ਕਿ ਜਦੋਂ ਜ਼ੁਲਮ ਹੱਦਾਂ ਪਾਰ ਕਰ ਜਾਵੇ, ਤਾਂ ਜੰਗ ਲਾਜ਼ਮੀ ਹੋ ਜਾਂਦੀ ਹੈ। ਜੇਕਰ ਔਰਤ ਨੇ ਅੱਜ ਤੱਕ ਖ਼ੂਨੀ ਜੰਗ ਨਹੀਂ ਮੰਗੀ, ਤਾਂ ਇਸਦਾ ਮਤਲਬ ਇਹ ਨਹੀਂ ਕਿ ਉਹ ਚੁੱਪ ਰਹੇਗੀ। ਹੁਣ ਸਮਾਂ ਆ ਗਿਆ ਹੈ ਕਿ ਔਰਤ ਨੂੰ ਆਪਣੇ ਹੱਕਾਂ ਲਈ ਇੱਕ 'ਨਵੀਂ ਜੰਗ' ਛੇੜਨੀ ਪਵੇਗੀ। ਇਹ ਜੰਗ ਹਥਿਆਰਾਂ ਨਾਲ ਨਹੀਂ, ਸਗੋਂ ਚੇਤਨਾ, ਸਿੱਖਿਆ ਅਤੇ ਸਵੈ-ਮਾਣ ਨਾਲ ਲੜੀ ਜਾਣੀ ਚਾਹੀਦੀ ਹੈ। ਇਹ ਜੰਗ ਉਸ ਤਾਨਾਸ਼ਾਹੀ ਮਾਨਸਿਕਤਾ ਵਿਰੁੱਧ ਹੈ ਜੋ ਉਸਨੂੰ ਸਿਰਫ਼ ਇੱਕ 'ਸਾਧਨ' ਸਮਝਦੀ ਹੈ। ਕਈ ਵਾਰ ਸਮਾਜਿਕ ਕੁਰੀਤੀਆਂ, ਅਨਿਆਂ ਅਤੇ ਤਾਨਾਸ਼ਾਹਾਂ ਖਿਲਾਫ ਜੰਗ ਛੇੜਨੀ ਜ਼ਰੂਰੀ ਹੋ ਜਾਂਦੀ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਇੱਕ ਆਜ਼ਾਦ ਅਤੇ ਇੱਜ਼ਤਦਾਰ ਹਵਾ ਵਿੱਚ ਸਾਹ ਲੈ ਸਕਣ। ਔਰਤ ਸ਼ਾਂਤੀ ਦੀ ਪੁੰਜ ਹੈ, ਪਰ ਉਸਦੀ ਸ਼ਾਂਤੀ ਨੂੰ ਉਸਦੀ ਕਮਜ਼ੋਰੀ ਨਹੀਂ ਸਮਝਣਾ ਚਾਹੀਦਾ। ਜੰਗ ਹਮੇਸ਼ਾ ਵਿਨਾਸ਼ ਲਿਆਉਂਦੀ ਹੈ, ਪਰ ਹੱਕਾਂ ਲਈ ਲੜਿਆ ਗਿਆ 'ਸੰਘਰਸ਼' ਨਵੀਂ ਸਿਰ-ਜਣਾ ਦਾ ਰਾਹ ਖੋਲ੍ਹਦਾ ਹੈ। ਸਮਾਜ ਨੂੰ ਇਹ ਸਮਝਣ ਦੀ ਲੋੜ ਹੈ ਕਿ ਔਰਤ ਨੂੰ ਪੁੱਛਣਾ ਪਵੇਗਾ, ਉਸਨੂੰ ਸੁਣਨਾ ਪਵੇਗਾ। ਜਦੋਂ ਔਰਤ ਆਪਣੇ ਫੈਸਲੇ ਖੁਦ ਲੈਣ ਦੇ ਸਮਰੱਥ ਹੋਵੇਗੀ ਅਤੇ ਸਮਾਜਿਕ ਬੰਧਨਾਂ ਦੀਆਂ ਜੰਗਾਂ ਤੋਂ ਮੁਕਤ ਹੋਵੇਗੀ, ਉਦੋਂ ਹੀ ਇੱਕ ਅਸਲੀ ਸੁਖਾਵੇਂ ਸੰਸਾਰ ਦੀ ਸਿਰਜਣਾ ਸੰਭਵ ਹੈ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ



ਦੁਨੀਆ ਵਿੱਚ ਜਿਤਨੇ ਵੀ ਧਰਮ ਹਨ ਉਹਨਾਂ ਸਭ ਦੇ ਮੁਕਾਬਲੇ ਸਿੱਖ ਧਰਮ ਮੈਨੂੰ ਸਭ ਤੋਂ ਚੰਗਾ ਲੱਗਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਦੀ ਬੁਨਿਆਦ ਸਿੱਖ ਧਰਮ ਦੇ ਬਾਨੀ ਬਾਬਾ ਗੁਰੂ ਨਾਨਕ ਦੇਵ ਜੀ ਨੇ ਭਾਈਚਾਰਾ, ਸਮਾਨਤਾ, ਮਿਹਨਤ ਕਰਕੇ ਵੰਡ ਕੇ ਖਾਣਾ, ਧਰਮ ਦੀ ਰੱਖਿਆ ਲਈ ਕੋਈ ਵੀ ਕੁਰਬਾਨੀ ਦੇਣਾ, ਜਾਦੂ ਟੋਣਾ ਅਤੇ ਸਮਾਜਿਕ ਅੰਧ ਵਿਸ਼ਵਾਸ ਨੂੰ ਨਾ ਮੰਨਣ ਤੇ ਰੱਖੀ ਗਈ ਸੀ। ਪਹਿਲੇ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤੱਕ ਉਸ ਸਮੇਂ ਦੇ ਸਾਰੇ ਮੁਗਲ ਬਾਦਸ਼ਾਹਾਂ ਨੇ ਹਿੰਦੂ ਧਰਮ ਦੀ ਰੱਖਿਆ ਕਰਨ ਦੇ ਖਿਲਾਫ ਗੁਰੂ ਸਾਹਿਬਾਨਾਂ ਅਤੇ ਉਹਨਾਂ ਦੇ ਸਮਰਥਨ ਕਰਨ ਵਾਲਿਆਂ ਤੇ ਜੁਲਮ ਕੀਤੇ, ਤਸੀਹੇ ਦਿੱਤੇ, ਉਹਨਾਂ ਨਾਲ ਭੇਦ ਭਾਵ ਕੀਤਾ। ਮੁਗਲ ਬਾਦਸ਼ਾਹ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਅਤੇ ਬਾਅਦ ਦੇ ਵੀ ਕੁਛ ਮੁਗਲ ਸ਼ਾਸਕਾਂ ਨੇ ਹਿੰਦੂਆਂ ਨੂੰ ਇਸਲਾਮ ਧਰਮ ਕਬੂਲ ਕਰਨ ਵਾਸਤੇ ਬਹੁਤ ਮਜਬੂਰ ਕੀਤਾ , ਜੁਲਮ ਕੀਤੇ। ਜਿਹੜੇ ਹਿੰਦੂ ਭਰਾਵਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ ਉਹਨਾਂ ਨੂੰ ਤਾਂ ਬਖਸ਼ ਦਿੱਤਾ ਗਿਆ ਔਰ ਜਿਨਾਂ ਨੇ ਇਸਲਾਮ ਧਰਮ ਕਬੂਲ ਕਰਨ ਤੋਂ ਇਨਕਾਰ ਕੀਤਾ ਉਹਨਾਂ ਨੂੰ ਕਤਲ ਕਰਵਾ ਦਿੱਤਾ ਗਿਆ। ਲਗਭਗ ਸਾਰੇ ਮੁਗਲ ਬਾਦਸ਼ਾਹਾਂ ਨੇ ਇਹੋ ਕੁਝ ਕੀਤਾ। ਅਸਲ ਵਿੱਚ ਮੁਗਲ ਬਾਦਸ਼ਾਹ ਸਿੱਖ ਧਰਮ ਦੇ ਵੱਧ ਰਹੇ ਪ੍ਰਭਾਵ ਤੋਂ ਡਰ ਗਏ। ਉਹਨਾਂ ਨੂੰ ਲੱਗਿਆ ਕਿ ਜੇ ਸਿੱਖ ਧਰਮ ਇਸੇ ਤਰੀਕੇ ਨਾਲ ਫੈਲ ਗਿਆ ਤਾਂ ਉਹਨਾਂ ਵਾਸਤੇ ਹਿੰਦੁਸਤਾਨ ਤੇ ਹਕੂਮਤ ਕਰਨੀ ਇਕੱਠੇ ਨਾ ਹੋ ਜਾਏਗੀ। ਇਸ ਲਈ ਉਹਨਾਂ ਨੇ ਹਿੰਦੂ ਧਰਮ ਨੂੰ ਖਤਮ ਕਰਨ ਵਾਸਤੇ ਕੋਈ ਕਸਰ ਨਹੀਂ ਛੱਡੀ। ਸਿੱਖ ਧਰਮ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਦਾ ਪ੍ਰਭਾਵ ਇਨਾ ਵਧ ਗਿਆ ਕਿ ਮੁਕਰ ਬਾਦਸ਼ਾਹ ਜਹਾਂਗੀਰ ਘਬਰਾ ਗਿਆ। ਇੱਥੇ ਸਾਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰ ਲਿਆ ਅਤੇ ਉਹਨਾਂ ਤੇ ਜੁਲਮ ਕਰਨ ਲਈ ਉਹਨਾਂ ਨੂੰ ਬਲਦੀ ਹੋਈ ਅੱਗ ਤੇ ਤਤੇ ਤਵੇ ਤੇ ਬਿਠਾ ਕੇ ਸ਼ਹੀਦ ਕਰ ਦਿੱਤਾ। ਇਹ ਸਭ ਕੁਝ ਦੇਖ ਕੇ ਹਿੰਦੂਆਂ ਅਤੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਦੇ ਮਨ ਵਿੱਚ ਮੁਗਲਾਂ ਦੇ ਖਿਲਾਫ ਨਫਰਤ, ਵਿਰੋਧ ਅਤੇ ਬਗਾਵਤ ਪੈਦਾ ਹੋ ਗਈ। ਲੇਕਿਨ ਇਹਨਾਂ ਸਾਰਿਆਂ ਤੋਂ ਔਰੰਗਜ਼ੇਬ ਮੁਗਲ ਬਾਦਸ਼ਾਹ ਸਭ ਤੋਂ ਜਿਆਦਾ ਜ਼ੁਲਮ ਕਰਨ ਵਾਲਾ ਸੀ। ਉਸ ਨੇ ਇਸਲਾਮ ਧਰਮ ਫੈਲਾਉਣ ਵਾਸਤੇ ਹਿੰਦੂਆਂ ਤੇ ਜੁਲਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਹ ਹਰ ਰੋਜ਼ ਹਿੰਦੂਆਂ ਦੇ ਲੱਖਾਂ ਜੰਞੂਆਂ ਨੂੰ ਸਾੜ ਦਿੰਦਾ ਸੀ ਅਤੇ ਹਿੰਦੂਆਂ ਦੀਆਂ ਚੋਟੀਆਂ ਨੂੰ ਕਟਵਾ ਦਿੰਦਾ ਸੀ। ਜਿਹੜੇ ਹਿੰਦੂ ਇਸਲਾਮ ਧਰਮ ਕਬੂਲ ਕਰਨ ਤੋਂ ਇਨਕਾਰ ਕਰਦੇ ਸਨ ਉਹਨਾਂ ਨੂੰ ਉਹ ਕਤਲ ਕਰਵਾ ਦਿੰਦਾ ਸੀ ਅਤੇ ਜਿਹੜੇ ਇਸਲਾਮ ਧਰਮ ਕਬੂਲ ਕਰ ਲੈਂਦੇ ਸਨ ਉਹਨਾਂ ਨੂੰ ਬਖਸ਼ ਦਿੱਤਾ ਜਾਂਦਾ ਸੀ। ਅਜਿਹੇ ਮਾਹੌਲ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਅਵਤਾਰ ਲਿਆ ਅਤੇ ਮੁਗਲਾਂ ਦਾ ਵਿਰੋਧ ਕਰਨ ਅਤੇ ਧਰਮ ਦੀ ਰੱਖਿਆ ਲਈ ਜੋ ਕੁਰਬਾਨੀ ਦਿੱਤੀ ਉਸ ਨੂੰ.... ਹਿੰਦ ਦੀ ਚਾਦਰ... ਕਿਹਾ ਜਾਂਦਾ ਹੈ।

ਗੁਰੂ ਤੇਗ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਉਹਨਾਂ ਦਾ ਜਨਮ 21 ਅਪ੍ਰੈਲ, 1621 ਵਿੱਚ ਅੰਮ੍ਰਿਤਸਰ ਵਿੱਚ ਹੋਇਆ। ਉਹਨਾਂ ਦਾ ਬਚਪਨ ਦਾ ਨਾਂ ਤਿਆਗ ਮਲ ਸੀ। ਉਹਨਾਂ ਦੇ ਪਿਤਾ ਜੀ ਦਾ ਨਾਮ ਗੁਰੂ ਹਰਗੋਬਿੰਦ ਸਿੰਘ ਜੀ ਅਤੇ ਮਾਤਾ ਦਾ ਨਾਮ ਨਾਨਕੀ ਜੀ ਸੀ। 14 ਸਾਲ ਦੀ ਉਮਰ ਵਿੱਚ ਮੁਗਲਾਂ ਦੇ ਖਿਲਾਫ ਪਰਾਕਰਮ ਦਿਖਾਣ ਕਾਰਨ ਉਹਨਾਂ ਦੇ ਪਿਤਾ ਗੁਰੂ ਹਰਗੋਬਿੰਦ ਸਿੰਘ ਜੀ ਨੇ ਉਹਨਾਂ ਦੇ ਨਾਮ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ। ਉਹਨਾਂ ਨੇ ਬਚਪਨ ਵਿੱਚ ਹੀ ਧਾਰਮਿਕ ਅਤੇ ਸ਼ਸਤਰ ਵਿਦਿਆ ਸਿੱਖੀ। ਔਰੰਗਜੇਬ ਦੇ ਜੁਲਮਾਂ ਤੋਂ ਤੰਗ ਆ ਕੇ ਕੁਝ ਕਸ਼ਮੀਰੀ ਪੰਡਤ ਗੁਰੂ ਤੇਗ ਬਹਾਦਰ ਜੀ ਕੋਲ ਆਏ ਅਤੇ ਔਰੰਗਜ਼ੇਬ ਦੁਆਰਾ ਉਹਨਾਂ ਨਾਲ ਕੀਤੇ ਗਏ ਜ਼ੁਲਮਾਂ ਦਾ ਖੁਲਾਸਾ ਕੀਤਾ। ਉਹਨਾਂ ਦੀ ਗੱਲ ਸੁਣ ਕੇ ਗੁਰੂ ਤੇਗ ਬਹਾਦਰ ਨੇ ਕਿਹਾ ਕਿ ਇਹ ਸਭ ਕੁਝ ਠੀਕ ਕਰਨ ਵਾਸਤੇ ਕਿਸੇ ਵੱਡੇ ਮਹਾਂਪੁਰਸ਼ ਨੂੰ ਕੋਈ ਕੁਰਬਾਨੀ ਕਰਨੀ ਪਏਗੀ। ਉਹਨਾਂ ਦੇ ਨਾਲ ਬੈਠੇ ਉਹਨਾਂ ਦੇ ਪੁੱਤਰ, ਗੋਬਿੰਦ ਰਾਏ ਨੇ ਕਿਹਾ,,, ਆਪ ਜੀ ਤੋਂ ਵੱਡਾ ਮਹਾਂਪੁਰਸ਼ ਬਲਿਦਾਨ ਦੇਣ ਵਾਲਾ ਹੋਰ ਕੌਣ ਹੋ ਸਕਦਾ ਹੈ। ਗੋਬਿੰਦ ਰਾਏ ਦੀ ਗੱਲ ਗੁਰੂ ਤੇਗ ਬਹਾਦਰ ਜੀ ਨੂੰ ਸਮਝ ਵਿੱਚ ਆ ਗਈ। ਉਹਨਾਂ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਕੋਲ ਜਾ ਕੇ ਇਹ ਕਹਿਣ ਕਿ ਜੇਕਰ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਅਸੀਂ ਲੋਕ ਵੀ ਇਸਲਾਮ ਕਬੂਲ ਕਰ ਲਵਾਂਗੇ। ਜਦੋਂ ਇਹ ਸੰਦੇਸ਼ ਔਰੰਗਜ਼ੇਬ ਨੂੰ ਮਿਲਿਆ ਤਾਂ ਉਸਨੇ ਗੁਰੂ ਤੇਗ ਬਹਾਦਰ ਅਤੇ ਉਹਨਾਂ ਦੇ ਚੇਲਿਆਂ ਨੂੰ ਦਿੱਲੀ ਵਿੱਚ ਬੁਲਵਾਇਆ। ਗੁਰੂ ਤੇਗ ਬਹਾਦਰ ਆਪਣੇ ਚੇਲਿਆਂ, ਖਾਸ ਤੌਰ ਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੇ ਨਾਲ ਦਿੱਲੀ ਪਹੁੰਚ ਗਏ। ਉਥੇ ਉਹਨਾਂ ਸਾਰਿਆਂ ਨੂੰ ਔਰੰਗਜ਼ੇਬ ਨੇ ਗਿਰਫਤਾਰ ਕਰ ਲਿਆ। ਉਹਨਾਂ ਸਾਰਿਆਂ ਨੂੰ ਦਿੱਲੀ ਵਿੱਚ ਚਾਂਦਨੀ ਚੌਕ ਵਿੱਚ ਇਕੱਠਾ ਕਰਕੇ ਇਸਲਾਮ ਧਰਮ ਅਪਣਾਉਣ ਲਈ ਕਿਹਾ ਗਿਆ। ਉਹਨਾਂ ਸਾਰਿਆਂ ਨੇ ਇਸਲਾਮ ਧਰਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੂੰ ਕਈ ਪ੍ਰਕਾਰ ਦੇ ਲਾਲਚ ਅਤੇ ਡਰਾਵੇ ਵੀ ਦਿਖਾਏ ਗਏ। ਲੇਕਿਨ ਇਹਨਾਂ ਗੱਲਾਂ ਦਾ ਉਹਨਾਂ ਤੇ ਕੋਈ ਅਸਰ ਨਹੀਂ ਹੋਇਆ। ਇਸ ਦੇ ਬਾਅਦ ਗੁਰੂ ਤੇਗ ਬਹਾਦਰ ਤੇ ਦਬਾਓ ਪਾਉਣ ਵਾਸਤੇ ਗੁਰੂ ਤੇਗ ਬਹਾਦਰ ਦੇ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਮਤੀ ਦਾਸ ਆਖਰੀ ਸ਼ਾਮ ਤੱਕ,, ਵਾਹਿਗੁਰੂ, ਵਾਹਿਗੁਰੂ, ਕਹਿੰਦੇ ਰਹੇ। ਉਸ ਦੇ ਬਾਅਦ ਭਾਈ ਦਿਆਲਾ ਨੂੰ ਅੱਗ ਤੇ ਰੱਖੇ ਹੋਏ ਉਬਲਦੇ ਪਾਣੀ ਦੀ ਦੇਗ ਵਿੱਚ ਤਸੀਹੇ ਦਿੱਤੇ ਗਏ ਅਤੇ ਉਹ ਵੀ ਸ਼ਹੀਦ ਹੋ ਗਏ। ਇਸ ਦੇ ਬਾਅਦ ਭਾਈ ਸਤੀ ਦਾਸ ਨੂੰ ਕਪਾਹ ਵਿੱਚ ਵਲੇਟ ਕੇ ਅੱਗ ਲਗਾ ਦਿੱਤੀ ਗਈ ਅਤੇ ਉਹ ਵੀ ਸ਼ਹੀਦ ਹੋ ਗਏ। ਇਹਨਾਂ ਗੱਲਾਂ ਦਾ ਗੁਰੂ ਤੇਗ ਬਹਾਦਰ ਜੀ ਤੇ ਇਸਲਾਮ ਨਾ ਅਪਣਾਉਣ ਦੇ ਇਰਾਦੇ ਤੇ ਕੋਈ ਅਸਰ ਨਹੀਂ ਹੋਇਆ। ਇਹ ਗੱਲ 16 ਦਸੰਬਰ, 1675 ਦੀ ਹੈ ਜਦੋਂ ਕਿ ਚਾਂਦਨੀ ਚੌਕ ਵਿੱਚ ਮੁਗਲ ਸਿਪਾਹੀਆਂ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਕਲਮ ਕਰ ਦਿੱਤਾ। ਇਹ ਦੇਖ ਕੇ ਉਥੇ ਇਕੱਠੇ ਹੋਏ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਵਿੱਚ ਹਾਹਾਕਾਰ ਅਤੇ ਅਫਰਾ ਦਫਰੀ ਮੱਚ ਗਈ। ਇਸ ਹਫਰਾ ਤਫਰੀ ਵਿੱਚ ਗੁਰੂ ਜੀ ਦੇ ਇਕ ਵਫਾਦਾਰ ਚੇਲੇ, ਲੱਖੀ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਛੇਤੀ ਛੇਤੀ ਗੁਰੂ ਜੀ ਦਾ ਧੜ ਚੁਕਵਾ ਕੇ ਆਪਣੇ ਘਰ ਲੈ ਗਏ ਅਤੇ ਉਥੇ ਉਹਨਾਂ ਦਾ ਸੰਸਕਾਰ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਘਰ ਨੂੰ ਅੱਗ ਲਗਾ ਦਿੱਤੀ ਗਈ ਤਾਂ ਕਿ ਕਿਸੇ ਨੂੰ ਇਹ ਪਤਾ ਨਾ ਜਲੇ ਕਿ ਗੁਰੂ ਜੀ ਦਾ ਸੰਸਕਾਰ ਕੀਤਾ ਗਿਆ ਹੈ। ਇਸ ਥਾਂ ਤੇ ਦਿੱਲੀ ਵਿੱਚ ਗੁਰਦੁਆਰਾ ਰਕਾਬ ਗੰਜ ਬਣਿਆ ਹੋਇਆ ਹੈ। ਮੁਗਲਾਂ ਨੂੰ ਧੋਖਾ ਦੇ ਕੇ ਗੁਰੂ ਜੀ ਦੇ ਇੱਕ ਚੇਲੇ ਜੈਤਾ ਜੀ ਨੇ ਚਲਾਕੀ ਨਾਲ ਗੁਰੂ ਜੀ ਦਾ ਸਿਰ ਚੁੱਕ ਲਿਆ ਅਤੇ ਦਿੱਲੀ ਤੋਂ ਆਨੰਦਪੁਰ ਸਾਹਿਬ ਚਾਰ ਦਿਨਾਂ ਵਿੱਚ ਸਫਰ ਪੂਰਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਜੀ ਦਾ ਸਿਰ ਦੇ ਦਿੱਤਾ। ਬਾਈ ਜੈਤਾ ਜੀ ਦੇ ਇਸ ਪ੍ਰਸ਼ੰਸਾਯੋਗ ਕੰਮ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ,,, ਰੰਗਰੇਟਾ ਗੁਰੂ ਦਾ ਬੇਟਾ,,, ਦੀ ਉਪਾਧੀ ਦਿੱਤੀ। ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ, ਗੋਬਿੰਦ ਰਾਏ ਨੂੰ ਨੌ ਸਾਲ ਦੀ ਉਮਰ ਵਿੱਚ ਹੀ ਗੁਰੂ ਗੋਬਿੰਦ ਸਿੰਘ ਨਾਮ ਦੇ ਕੇ ਸਿੱਖ ਧਰਮ ਦਾ ਦਸਵਾਂ ਗੁਰੂ ਬਣਾ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ ਲੜਾਈਆਂ ਅਤੇ ਤਿਆਗ ਵਿੱਚ ਹੀ ਬੀਤਿਆ। ਉਨਾਂ ਨੇ ਮੁਗਲਾਂ ਨਾਲ ਸੰਘਰਸ਼ ਕਰਦੇ ਹੋਏ ਪਹਿਲੇ ਆਪਣੇ ਦੋ ਲਾਲ ਲੜਾਈ ਵਿੱਚ ਗਵਾਏ, ਬਾਅਦ ਵਿੱਚ ਉਹਨਾਂ ਦੇ ਦੋ ਛੋਟੇ ਸਾਹਿਬਜ਼ਾਦੇ ਉਹਨਾਂ ਦੇ ਪੁਰਾਣੇ ਰਸੋਈਏ ਗੰਗੂ ਦੁਆਰਾ ਧੋਖਾ ਦੇਣ ਕਰਕੇ ਸਰਹੰਦ ਵਿੱਚ ਦੀਵਾਰ ਵਿੱਚ ਜਿਹੜਾ ਵਾ ਦਿੱਤੇ ਗਏ ਅਤੇ ਬਾਅਦ ਵਿੱਚ ਉਹਨਾਂ ਦੇ ਵਿਯੋਗ ਵਿੱਚ ਉਹਨਾਂ ਦੀ ਦਾਦੀ ਅਰਥਾਤ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀ ਨੇ ਵੀ ਪ੍ਰਾਣ ਤਿਆਗ ਦਿੱਤੇ। ਸਰਹੰਦ ਦੇ ਸੂਬੇਦਾਰ ਦੇ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਧੋਖੇ ਨਾਲ 42 ਸਾਲ ਦੀ ਛੋਟੀ ਉਮਰ ਵਿੱਚ ਹੀ ਸ਼ਹੀਦ ਕਰ ਦਿੱਤਾ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਨੂੰ.... ਸਰਬੰਸ ਦਾ ਦਾਨੀ.. ਵੀ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਨੇ ਸਿੱਖ ਧਰਮ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ ਲੜਾਈਆਂ ਲੜਦੇ ਹੋਏ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ। ਇਸ ਪ੍ਰਕਾਰ ਦੀ ਧਰਮ ਦੀ ਰੱਖਿਆ ਲਈ ਕੁਰਬਾਨੀ ਦੀ ਮਿਸਾਲ ਦੁਨੀਆ ਵਿੱਚ ਕਿਸੇ ਪਾਸੇ ਸੁਣਨ ਨੂੰ ਨਹੀਂ ਮਿਲਦੀ। ਅੱਜ ਕੱਲ ਗੁਰੂ ਤੇਗ ਬਹਾਦਰ ਜੀ ਦਾ 350 ਵਾ ਸ਼ਹੀਦੀ ਦਿਵਸ ਸਾਰੇ ਭਾਰਤ ਵਿੱਚ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਿੱਖ ਕੌਮ ਬਹਾਦਰ, ਲੋਕਾਂ ਦੀ ਸੇਵਾ ਕਰਨ ਵਾਲੀ, ਧਰਮ ਦੀ ਰੱਖਿਆ ਕਰਨ ਵਾਲੀ, ਭੁੱਖਿਆਂ ਨੂੰ ਲੰਗਰ ਚਲਾ ਕੇ ਰੋਟੀ ਖਵਾਉਣ ਵਾਲੀ ਅਤੇ ਕਮਜ਼ੋਰਾਂ ਦੀ ਮਦਦ ਕਰਨ ਵਾਲੀ ਮੰਨੀ ਜਾਂਦੀ ਹੈ। ਅੱਜ ਅਗਰ ਹਿੰਦੂ ਧਰਮ ਸੁਰੱਖਿਤ ਹੈ ਤਾਂ ਇਹ ਸਿੱਖ ਕੌਮ ਅਤੇ ਸਿੱਖ ਗੁਰੂ ਸਾਹਿਬਾਨਾਂ ਦੇ ਕਾਰਨ ਹੀ ਹੈ। ਹਿੰਦੂ ਲੋਕ ਸਿੱਖ ਕੌਮ ਦਾ ਕਰਜ਼ਾ ਕਦੇ ਨਹੀਂ ਉਤਾਰ ਸਕਦੇ। ਗੁਰੂ ਤੇਗ ਬਹਾਦਰ ਅਤੇ ਹੋਰ ਗੁਰੂ ਸਾਹਿਬਾਨਾਂ ਨੂੰ ਨਮਸਕਾਰ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ,,,, 94 16 35 90 45**
**ਰੋਹਤਕ ਹਰਿਆਣਾ**



# ਨਵੀਂ ਉਡਾਰੀ


ਸੁਖਵੰਤ ਸਿਓਂ ਦੇ ਸਿਰ ਤੇ ਪਰਿਵਾਰ ਸਮੇਤ ਬਾਹਰ ਜਾਣ ਦਾ ਭੂਤ ਸਵਾਰ ਸੀ। ਉਹ ਹਰ ਸਮੇਂ ਸੋਚਦਾ ਕਿ ਮੈਂ ਆਪਣੇ ਦੋਹਾਂ ਬੱਚਿਆਂ ਦੇ ਵਿਆਹ ਬਾਹਰੋਂ ਆਏ ਪਰਿਵਾਰਾਂ ਦੇ ਬੱਚਿਆਂ ਨਾਲ਼ ਹੀ ਕਰਾਂਗਾ। ਵੱਡਾ ਮੁੰਡਾ ਜੱਸੀ ਪੱਚੀ ਵਰ੍ਹਿਆਂ ਦਾ ਹੋ ਚੁੱਕਾ ਸੀ ਤੇ ਕੁੜੀ ਰਾਣੋ ਉਸ ਤੋਂ ਦੋ ਢਾਈ ਸਾਲ ਛੋਟੀ ਸੀ। ਉਸ ਨੇ ਆਪਣੇ ਕਈ ਕਨੇਡਾ ਰਹਿੰਦੇ ਰਿਸ਼ਤੇਦਾਰਾਂ ਨੂੰ ਵੀ ਕਹਿਣਾ ਕਿ ਉਸ ਦੇ ਬੱਚਿਆਂ ਲਈ ਕੋਈ ਬਾਹਰਲੇ ਰਿਸ਼ਤੇ ਦੀ ਦੱਸ ਪਾਉਣ ਜਾਂ ਕਈ ਵਾਰ ਪਿੰਡ ਵਿੱਚ ਕਿਸੇ ਨੂੰ ਕਹਿਣਾ ਕਿ ਕੋਈ ਬਾਹਰਲਾ ਰਿਸ਼ਤਾ ਹੋਵੇ ਤਾਂ ਕਰਵਾ ਦੇਣ। ਇਸ ਤਰ੍ਹਾਂ ਰਿਸ਼ਤੇ ਵੇਖਦੇ ਵੇਖਦੇ ਦੋ ਸਾਲ ਹੋਰ ਲੰਘ ਗਏ। ਇੱਕ ਦਿਨ ਕਿਸੇ ਨੇ ਰਾਣੋ ਦਾ ਰਿਸ਼ਤਾ ਬਾਹਰਲੇ ਮੁੰਡੇ ਨਾਲ਼ ਕਰਵਾ ਦਿੱਤਾ ਤੇ ਹਫ਼ਤੇ ਕੁ 'ਚ ਹੀ ਵਿਆਹ ਹੋ ਗਿਆ ਕਿਉਂਕਿ ਕਿ ਮੁੰਡੇ ਵਾਲਿਆਂ ਨੇ ਮਹੀਨੇ ਦੇ ਵਿੱਚ ਵਿੱਚ ਹੀ ਵਾਪਸ ਕਨੇਡਾ ਮੁੜਨਾ ਸੀ। ਰਾਣੋ ਅਤੇ ਉਸ ਦਾ ਸਾਰਾ ਪਰਿਵਾਰ ਬਹੁਤ ਖੁਸ਼ ਸੀ। ਮਹੀਨੇ ਬਾਅਦ ਰਾਣੋ ਦਾ ਪਤੀ ਰਮਨ ਅਤੇ ਉਸ ਦੀ ਸੱਸ ਬਾਹਰ ਚਲੇ ਗਏ ,ਰਾਣੋ ਦਾ ਸਹੁਰਾ ਗੁਜ਼ਰੇ ਨੂੰ ਕਈ ਸਾਲ ਹੋ ਗਏ ਸਨ, ਮਾਂ ਨੇ ਹੀ ਕਨੇਡਾ ਵਿੱਚ ਮਿਹਨਤ ਕਰਕੇ ਰਮਨ ਨੂੰ ਪਾਲਿਆ ਸੀ। ਰਾਣੋ ਦੇ ਘਰ ਵਾਲ਼ੇ ਨੇ ਕਾਗਜ਼ ਬਾਹਰੋਂ ਜਾ ਕੇ ਹੀ ਤੋਰਨੇ ਸਨ। ਜੱਸੀ ਦੀ ਉਮਰ ਲੰਘਦੀ ਵੇਖ ਕੇ ਪਿੰਡੋਂ ਹੀ ਕਿਸੇ ਨੇ ਸੁਖਵੰਤ ਸਿੰਘ ਨੂੰ ਸਲਾਹ ਦਿੱਤੀ," .... ਬਾਈ... ਬਾਹਰਲੇ ਚੱਕਰ ਵਿੱਚ ਕਿਤੇ ਮੁੰਡਾ ਛੜਾ ਨਾ ਰੱਖ ਲਵੀਂ... ਮੇਰੇ ਮੁੰਡੇ ਦੀ ਸਾਲੀ ਆ... ਜੇ ਕਹੇਂ ਤਾਂ ਆਪਾਂ ਜੱਸੀ ਨੂੰ ਰਿਸ਼ਤਾ ਕਰਵਾ ਦੇਈਏ...?" ਸੁਖਵੰਤ ਸਿੰਘ ਨੇ ਉਸ ਨੂੰ ਕਿਹਾ,"....ਘਰੇ ਸਲਾਹ ਕਰਕੇ ਦੱਸਦਾਂ ਬਾਈ...!" ਸੁਖਵੰਤ ਨੇ ਘਰ ਜਾ ਕੇ ਆਪਣੀ ਪਤਨੀ ਨਾਲ ਸਲਾਹ ਕੀਤੀ। ਦੋਵਾਂ ਜੀਆਂ ਨੇ ਆਪਸੀ ਸਹਿਮਤੀ ਨਾਲ ਜੱਸੀ ਦਾ ਰਿਸ਼ਤਾ ਪੱਕਾ ਕਰ ਲਿਆ ਤੇ ਕੁੜੀ ਨੂੰ ਵੇਖਣ ਗਏ ਹੀ ਚੁੰਨੀ ਚੜ੍ਹਾ ਕੇ ਵਿਆਹ ਕੇ ਲੈ ਆਏ। ਸੁਖਵੰਤ ਦੇ ਦਿਲ ਵਿੱਚ ਕਿਧਰੇ ਨਾ ਕਿਧਰੇ ਮੁੰਡੇ ਨੂੰ ਵਿਦੇਸ਼ ਭੇਜਣ ਦੀ ਅਧੂਰੀ ਰੀਝ ਰੜਕਦੀ ਸੀ। ਉਂਝ ਉਸ ਦੇ ਦਿਮਾਗ ਤੋਂ ਬੱਚੇ ਵਿਆਹੁਣ ਵਾਲ਼ਾ ਬੋਝ ਕੁਝ ਹਲਕਾ ਹੋ ਗਿਆ ਸੀ।

ਰਾਣੋ ਦੇ ਬਾਹਰ ਦੇ ਕਾਗਜ਼ ਹਜੇ ਬਣੇ ਨਹੀਂ ਸਨ ਕਿਉਂਕਿ ਉਸ ਦੀ ਸੱਸ ਬੀਮਾਰ ਹੋ ਗਈ। ਰਾਣੋ ਦਾ ਪਤੀ ਕਾਗਜ਼ ਕਿੱਥੋਂ ਤੋਰਦਾ ਉਹ ਤਾਂ ਆਪਣੀ ਮਾਂ ਦੀ ਬੀਮਾਰੀ ਵਿੱਚ ਉਲ਼ਝ ਗਿਆ ਸੀ,ਸਾਰਾ ਦਿਨ ਉਸ ਦੀ ਦੇਖ਼ ਭਾਲ਼ ਕਰਦਾ , ਦੋ ਕੁ ਮਹੀਨੇ ਬੀਮਾਰ ਰਹਿ ਕੇ ਰਾਣੋ ਦੀ ਸੱਸ ਗੁਜ਼ਰ ਗਈ।ਰਾਣੋ ਦਾ ਪਤੀ ਆਪਣੀ ਮਾਂ ਦੇ ਫੁੱਲ ਪਾਉਣ ਲਈ ਇੰਡੀਆ ਆਇਆ ਤਾਂ ਫਿਰ ਦਸ ਕੁ ਦਿਨ ਰਾਣੋ ਸਹੁਰੇ ਲਾ ਆਈ । ਵਾਪਸ ਕਨੇਡਾ ਜਾਣ ਤੋਂ ਇੱਕ ਦਿਨ ਪਹਿਲਾਂ ਜਦ ਉਹ ਰਾਣੋ ਨੂੰ ਪੇਕੇ ਛੱਡਣ ਆਇਆ ਤਾਂ ਸੁਖਵੰਤ ਸਿੰਘ ਨੇ ਆਪਣੇ ਜਵਾਈ ਨਾਲ਼ ਆਪਣੇ ਪੁੱਤ ਨੂੰਹ ਨੂੰ ਬਾਹਰ ਬੁਲਾਉਣ ਦੀ ਕੋਈ ਯੁਕਤੀ ਪੁੱਛੀ। ਉਹਨਾਂ ਦਿਨਾਂ ਵਿੱਚ ਕਨੇਡਾ ਵਿੱਚ ਬੈਠੇ ਮੁੰਡੇ ਜਾਂ ਕੁੜੀਆਂ ਕਿਸੇ ਨਾਲ਼ ਵੀ ਵਿਆਹ ਕਰਵਾ ਕੇ ਬਾਹਰ ਬੁਲਾ ਲੈਂਦੇ ਸਨ ਤੇ ਉੱਥੇ ਜਾ ਕੇ ਪੱਕੇ ਹੋਣ ਤੇ ਤਲਾਕ ਦੇ ਕੇ ਆਪੋ ਆਪਣੇ ਰਾਹ ਪੈਂਦੇ ਸਨ। ਕਈ ਲੋਕਾਂ ਨੇ ਤਾਂ ਕਈ ਕਈ ਵਿਆਹ ਕਰਵਾ ਕੇ ਕਿੰਨੇ ਜਣਿਆਂ ਨੂੰ ਬਾਹਰ ਬੁਲਾਇਆ ਸੀ। ਉਹਨਾਂ ਨੇ ਵੀ ਆਪਣੇ ਜਵਾਈ ਨਾ਼ਲ ਸਲਾਹ ਕੀਤੀ ਤੇ ਕਿਹਾ ,"....ਰਮਨ ਜੇ ਅਸੀਂ...ਰਾਣੋ ਤੋਂ ਪਹਿਲਾਂ.... ਜੱਸੀ ਦੀ ਵਹੁਟੀ ਦੇ ਕਾਗਜ਼ ਤੇਰੇ ਤੋਂ ਲਵਾ ਲਈਏ ਤਾਂ... ਉੱਥੇ ਜਾ ਕੇ...ਪੱਕੇ ਹੁੰਦੇ ਸਾਰ ਤੂੰ ਤਲਾਕ ਦੇ ਦੇਵੀਂ ਤੇ ਫਿਰ ਰਾਣੋ ਨੂੰ ਬੁਲਾ ਲਵੀਂ... ਸਾਲ ਖੰਡ ਦੀ ਗੱਲ ਐ...ਛੇ ਮਹੀਨੇ ਵਿੱਚ ਜੱਸੀ ਦੀ ਵਹੁਟੀ ਤੇਰੇ ਕੋਲ ਪਹੁੰਚ ਜਾਊਗੀ....ਦੋ ਕੁ ਮਹੀਨੇ ਬਾਅਦ ਤਲਾਕ ਦੇ ਦੇਵੀਂ.... ਫਿਰ ਰਾਣੋ ਦੇ ਕਾਗਜ਼ ਲਾ ਦੇਵੀਂ... !" ਹੁਣ ਚਾਹੇ ਬਾਹਰਲੀਆਂ ਸਰਕਾਰਾਂ ਨੇ ਕਾਨੂੰਨਾਂ ਵਿੱਚ ਬਹੁਤ ਸਖ਼ਤੀ ਕਰ ਦਿੱਤੀ ਹੈ ਪਰ ਪਹਿਲਾਂ ਬਾਹਰ ਜਾਣ ਖ਼ਾਤਰ ਇਹੋ ਜਿਹੇ ਹੀਲੇ ਵਸੀਲੇ ਅਪਣਾ ਕੇ ਬਹੁਤ ਲੋਕ ਵਿਦੇਸ਼ ਜਾਂਦੇ ਸਨ। ਰਾਣੋ ਦੇ ਘਰ ਵਾ਼ਲੇ ਨੇ ਰਾਣੋ ਵੱਲ ਤੱਕਿਆ ਤਾਂ ਉਸ ਦੀਆਂ ਨਿਗਾਹਾਂ ਵਿੱਚ ਵੀ ਆਪਣੇ ਘਰਦਿਆਂ ਦੀ ਗੱਲ ਨਾ਼ਲ ਸਹਿਮਤੀ ਛੁਪੀ ਹੋਈ ਸੀ।ਉਸ ਨੇ ਫਿਰ ਵੀ ਸਿੱਧੇ ਤੌਰ ਤੇ ਕਿਹਾ ਕਿ ਜੇ ਰਾਣੋ ਨੂੰ ਕੋਈ ਇਤਰਾਜ਼ ਨਹੀਂ ਤਾਂ ਆਪਾਂ ਇਸ ਤਰ੍ਹਾਂ ਹੀ ਕਰ ਲੈਂਦੇ ਹਾਂ। ਰਾਣੋ ਨੇ ਉਸੇ ਸਮੇਂ ਕਿਹਾ,"ਕੋਈ ਗੱਲ ਨੀ ਜੀ....ਜੇ ਜੱਸੀ ਵੀਰੇ ਦਾ ਬਾਹਰ ਜਾਣ ਦਾ ਕੰਮ ਹੁੰਦਾ ਹੈ.... ਤਾਂ ਆਪਾਂ ਆਏਂ ਈ ਕਰ ਲੈਨੇਂ ਆਂ.... ਜਿਵੇਂ ਸਾਰੇ ਜਣੇ ਕਹਿੰਦੇ ਨੇ...!" ਇਹ ਸੁਣ ਕੇ ਰਾਣੋ ਦੇ ਪਤੀ ਨੇ ਬਿਨਾਂ ਸੋਚੇ ਸਮਝੇ 'ਹਾਂ' ਕਰ ਦਿੱਤੀ।

ਰਾਣੋ ਦੇ ਪਤੀ ਨੇ ਕਨੇਡਾ ਜਾ ਕੇ ਆਪਣੇ ਸਹੁਰੇ ਪਰਿਵਾਰ ਦੀ ਸਹਿਮਤੀ ਨਾਲ ਆਪਣੀ ਸਾਲੇਹਾਰ ਜਾਣੀ ਕਿ ਜੱਸੀ ਦੀ ਵਹੁਟੀ ਸਿਮਰਨ ਦੇ ਕਾਗਜ਼ ਮੰਗਵਾ ਲਏ। ਛੇ ਕੁ ਮਹੀਨੇ ਵਿੱਚ ਜੱਸੀ ਦੀ ਵਹੁਟੀ ਦਾ ਵੀਜ਼ਾ ਲੱਗ ਕੇ ਆ ਗਿਆ ਤੇ ਉਹ ਰਮਨ ਦੀ ਵਹੁਟੀ ਬਣ ਕੇ ਕਨੇਡਾ ਪਹੁੰਚ ਗਈ। ਸੁਖਵੰਤ ਸਿੰਘ ਦਾ ਸਾਰਾ ਪਰਿਵਾਰ ਬਹੁਤ ਖੁਸ਼ ਸੀ। ਸਾਰਾ ਦਿਨ ਸਾਰਾ ਟੱਬਰ ਬਾਹਰ ਜਾਣ ਦੀਆਂ ਗੱਲਾਂ ਕਰਦੇ ਰਹਿੰਦੇ। ਹੁਣ ਉਹਨਾਂ ਨੂੰ ਇਹ ਲੱਗਦਾ ਸੀ ਕਿ ਛੇਤੀ ਹੀ ਰਮਨ ਤੇ ਸਿਮਰਨ ਦਾ ਤਲਾਕ ਹੋ ਕੇ ਥੋੜ੍ਹੇ ਮਹੀਨਿਆਂ ਵਿੱਚ ਹੀ ਦੋਵੇਂ ਭੈਣ ਭਰਾ ਰਾਣੋ ਤੇ ਜੱਸੀ ਦੇ ਕਾਗਜ਼ ਲੱਗ ਜਾਣਗੇ ਤੇ ਉਹਨਾਂ ਦੇ ਬਾਹਰ ਜਾਂਦੇ ਹੀ ਸੁਖਵੰਤ ਸਿੰਘ ਤੇ ਉਸ ਦੀ ਘਰਵਾ਼ਲੀ ਨੂੰ ਬੱਚੇ ਆਪਣੇ ਕੋ਼ਲ ਬੁਲਾ ਲੈਣਗੇ, ਫਿਰ ਅਰਾਮ ਨਾਲ ਸਾਰੀ ਉਮਰ ਕਨੇਡਾ ਵਿੱਚ ਬਿਤਾਉਣਗੇ।

ਜੱਸੀ ਦੀ ਵਹੁਟੀ ਜਾਂਦੇ ਸਾਰ ਕੰਮ ਤੇ ਵੀ ਲੱਗ ਗਈ ਸੀ। ਸੁਖਵੰਤ ਸਿੰਘ ਨੇ ਪੀ ਸੀ ਓ ਤੇ ਜਾ ਕੇ ਫੋਨ ਕਰਨ ਜਾਂ ਸੁਣਨ ਨਾਲੋਂ ਔਖੇ ਸੌਖੇ ਹੋ ਕੇ ਆਪਣੇ ਘਰੇ ਹੀ ਫ਼ੋਨ ਲਵਾ ਲਿਆ ਤਾਂ ਜੋ ਬੱਚਿਆਂ ਨੂੰ ਆਪਸ ਵਿੱਚ ਗੱਲ ਕਰਨ ਦੀ ਸੌਖ ਰਹੇ।

ਜੱਸੀ ਦੀ ਵਹੁਟੀ ਜੱਸੀ ਨੂੰ ਹਫ਼ਤੇ ਬਾਅਦ ਫੋਨ ਕਰਦੀ ਤੇ ਤਸੱਲੀ ਦਿੰਦੀ ਕਿ ਛੇਤੀ ਹੀ ਉਹ ਤਲਾਕ ਲੈ ਕੇ ਉਸ ਨੂੰ ਆਪਣੇ ਕੋਲ ਬੁਲਾ ਲਵੇਗੀ। ਓਧਰ ਰਾਣੋ ਦਾ ਪਤੀ ਉਸ ਨੂੰ ਫ਼ੋਨ ਕਰਦਾ ਤਾਂ ਉਹ ਵੀ ਇਹੀ ਗੱਲ ਰਾਣੋ ਨੂੰ ਆਖਦਾ। ਦੋਹਾਂ ਦਾ ਤਾਂ ਪਹਿਲਾਂ ਪਹਿਲਾਂ ਹਫ਼ਤੇ ਵਿੱਚ ਦੋ ਵਾਰ ਵੀ ਫ਼ੋਨ ਆ ਜਾਂਦਾ ਸੀ। ਹੌਲੀ ਹੌਲੀ ਇੱਕ ਵਾਰ ਹੋ ਗਿਆ ਤੇ ਫਿਰ ਪੰਦਰਾਂ ਦਿਨ ਬਾਅਦ ਕਰਨ ਲੱਗੇ। ਜਦ ਵੀ ਸੁਖਵੰਤ ਸਿੰਘ ਉਹਨਾਂ ਨੂੰ ਤਲਾਕ ਬਾਰੇ ਪੁੱਛਦਾ ਤਾਂ ਉਹ "ਛੇਤੀ ਹੀ ਤਲਾਕ ਲੈ ਲਵਾਂਗੇ... ਤਲਾਕ ਦੇ ਕਾਗਜ਼ ਕੋਰਟ ਵਿੱਚ ਅਗਲੇ ਹਫ਼ਤੇ ਲਾਵਾਂਗੇ...!" ਕਰਦਿਆਂ ਨੇ ਡੇਢ ਸਾਲ ਕੱਢ ਦਿੱਤਾ । ਹੁਣ ਉਹਨਾਂ ਦੇ ਫ਼ੋਨ ਬਹੁਤ ਘੱਟ ਆਉਂਦੇ। ਇੱਕ ਦਿਨ ਰਾਣੋ ਦੇ ਪਤੀ ਦਾ ਫ਼ੋਨ ਆਇਆ ਤੇ ਸਿੱਧੀ ਸੁਖਵੰਤ ਸਿੰਘ ਨਾ਼ਲ ਗੱਲ ਕੀਤੀ,".... ਪਾਪਾ ਜੀ... ਮੈਂ ਬਹੁਤ ਮਹੀਨਿਆਂ ਤੋਂ ਤੁਹਾਨੂੰ ਇੱਕ ਗੱਲ ਕਹਿਣੀ ਚਾਹੁੰਦਾ ਸੀ.....ਤੁਸੀਂ ਮੇਰੀ ਗੱਲ ਸੁਣਦੇ ਈ ਨਹੀਂ ਸੀ....ਅਸਲ ਵਿੱਚ ਮੇਰੀ ਤੇ ਸਿਮਰਨ ਦੀ ਨੇਚਰ ਬਹੁਤ ਮਿ਼ਲਦੀ ਹੈ....ਅਸੀਂ ਇੱਕ ਦੂਜੇ ਨੂੰ ਬਹੁਤ ਅੰਡਰਸਟੈਂਡ ਕਰਦੇ ਹਾਂ...ਇਸ ਕਰਕੇ ਅਸੀਂ ਦੋਹਾਂ ਨੇ ਪਹਿਲਾਂ ਹੀ.....ਇਕੱਠੇ ਰਹਿਣ ਦਾ ਫ਼ੈਸਲਾ ਕਰ ਲਿਆ ਸੀ .... ਕਿ.....ਇੱਕ ਦੂਜੇ ਨੂੰ ਤਲਾਕ ਨਹੀਂ ਦੇਣਾ.... ਅਸੀਂ ਆਪਣੇ ਬੇਬੀ ਦਾ ਫਿਊਚਰ ਥੋੜ੍ਹਾ ਖ਼ਰਾਬ ਕਰਨਾ.... ਸਾਡਾ ਬੇਬੀ ਹੁਣ ਦੋ ਮਹੀਨੇ ਦਾ ਹੋ ਗਿਆ ਹੈ... ਮੈਂ ਤੁਹਾਨੂੰ ਇਹੀ ਦੱਸਣ ਲਈ ਫੋਨ ਕੀਤਾ ਸੀ.... ਹੁਣ ਤੁਸੀਂ ਇਸ ਨੰਬਰ ਤੇ ਫੋਨ ਨਹੀਂ ਕਰ ਸਕਦੇ....ਕਿਉਂ ਕਿ ਸਾਡਾ ਇਹ ਨੰਬਰ ਅੱਜ ਬੰਦ ਹੋ ਜਾਵੇਗਾ.... ਅਸੀਂ ਨਵਾਂ ਘਰ ਲਿਆ ਹੈ.... ਉੱਥੇ ਸਾਡਾ ਹੋਰ ਨੰਬਰ ਹੋਵੇਗਾ...!" ਕਹਿ ਕੇ ਰਮਨ ਨੇ ਫ਼ੋਨ ਕੱਟ ਦਿੱਤਾ। ਫ਼ੋਨ ਕੱਟਣ ਤੋਂ ਬਾਅਦ ਵਿੱਚ ਵੱਜਦੀ "ਢੂੰ...ਢੂੰ " ਦੀ ਅਵਾਜ਼ ਸੁਖਵੰਤ ਸਿੰਘ ਦੇ ਕੰਨਾਂ ਵਿੱਚ ਕਿੰਨਾਂ ਚਿਰ ਵੱਜਦੀ ਰਹੀ ਉਹ ਉੱਥੇ ਹੀ ਕੰਨ ਨੂੰ ਫ਼ੋਨ ਲਾਈ ਬੁੱਤ ਬਣਿਆ ਖੜ੍ਹਾ ਆਪਣੀਆਂ ਅੱਖਾਂ ਵਿੱਚ ਸਜਾਏ ਹਵਾਈ ਮਹਿਲ ਨੂੰ ਢਹਿ ਢੇਰੀ ਹੁੰਦਾ ਵੇਖਦਾ ਵੇਖਦਾ ਧਰਤੀ ਤੇ ਡਿੱਗ ਜਾਂਦਾ ਹੈ। ਸਾਰੇ ਪਰਿਵਾਰ ਲਈ ਇਸ ਸਦਮੇ ਵਿੱਚੋਂ ਨਿਕਲਣ ਨੂੰ ਦੋ ਸਾਲ ਲੱਗ ਗਏ। ਸਾਰੇ ਪਿੰਡ ਵਿੱਚ ਉਹ ਇੱਕ ਮਜ਼ਾਕ ਦਾ ਪਾਤਰ ਬਣ ਗਏ ਸਨ। ਜਦ ਉਹ ਘਰੋਂ ਬਾਹਰ ਨਿਕ਼ਲਦੇ ਤਾਂ ਲੋਕ ਉਹਨਾਂ ਵੱਲ ਘੂਰ ਘੂਰ ਕੇ ਵੇਖਦੇ,ਕਈ ਲੋਕ ਤਾਂ ਸਿੱਧੀਆਂ ਹੀ ਮਸ਼ਕਰੀਆਂ ਕਰਨ ਲੱਗ ਜਾਂਦੇ । ਸੁਖਵੰਤ ਸਿੰਘ ਦੇ ਪਰਿਵਾਰ ਨੂੰ ਮਾਨਸਿਕ ਤੌਰ ਤੇ ਗਹਿਰੀ ਸੱਟ ਲੱਗੀ ਸੀ। ਦੋ ਸਾਲ ਬਾਅਦ ਫਿਰ ਉਸ ਨੇ ਬੱਚਿਆਂ ਦੇ ਸਾਦੇ ਤਰੀਕੇ ਨਾਲ ਵਿਆਹ ਕੀਤੇ। ਇਸ ਵਾਰ ਵਿਦੇਸ਼ ਜਾਣ ਲਈ ਨਹੀਂ ਉਹਨਾਂ ਦੇ ਘਰ ਵਸਾਉਣ ਲਈ ਵਿਆਹ ਕੀਤੇ ਸਨ। ਰਾਣੋ ਦਾ ਪਤੀ ਖੇਤੀਬਾੜੀ ਕਰਦਾ ਸੀ ਤੇ ਉਹ ਆਪਣੇ ਘਰ ਸੌਖੀ ਸੀ।ਉਹ ਪੇਕੇ ਕਦੇ ਕਦਾਈਂ ਆਉਂਦੀ। ਉਸ ਦੇ ਦੋ ਧੀਆਂ ਹੋ ਗਈਆਂ ਸਨ ਤੇ ਇੱਧਰ ਉਸ ਦਾ ਭਰਾ ਜੱਸੀ ਵੀ ਇੱਕ ਪੁੱਤ ਦਾ ਬਾਪ ਬਣ ਗਿਆ ਸੀ। ਉਹਨਾਂ ਦੇ ਬੱਚੇ ਦੇਖਦੇ ਦੇਖਦੇ ਕਦ ਵੱਡੇ ਹੋ ਗਏ ਪਤਾ ਈ ਨਾ ਲੱਗਿਆ। ਜੱਸੀ ਦਾ ਪੁੱਤ ਬਹੁਤ ਸਿਆਣਾ ਤੇ ਹੁਸ਼ਿਆਰ ਸੀ। ਉਹ ਪੜ੍ਹਾਈ ਲਈ ਬਾਹਰ ਚਲਿਆ ਗਿਆ ਜਦ ਕਿ ਜੱਸੀ ਨੂੰ ਤਾਂ ਬਾਹਰ ਦੇ ਨਾਂ ਤੋਂ ਹੀ ਚਿੜ ਜਿਹੀ ਸੀ। ਜੱਸੀ ਦੇ ਬੇਟੇ ਨੇ ਤੇਈ ਸਾਲ ਪਹਿਲਾਂ ਆਪਣੇ ਪਰਿਵਾਰ ਨਾ਼ਲ ਬੀਤੀ ਘਟਨਾ ਬਾਰੇ ਲੋਕਾਂ ਦੇ ਮੂੰਹੋਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣੀਆਂ ਸਨ ਤੇ ਕਈ ਵਾਰ ਤਾਂ ਲੋਕ ਉਸ ਦੇ ਦਾਦੇ ਸੁਖਵੰਤ ਸਿੰਘ ਦਾ ਮਜ਼ਾਕ ਉਸ ਦੇ ਮੂੰਹ ਤੇ ਉਡਾ ਕੇ ਮਸ਼ਕਰੀਆਂ ਕਰਦੇ ਸਨ। ਇਹ ਗੱਲਾਂ ਜੱਸੀ ਦੇ ਪੁੱਤਰ ਨੇ ਆਪਣੇ ਦਿਲ ਵਿੱਚ ਬਿਠਾਈਆਂ ਹੋਈਆਂ ਸਨ। ਉਹ ਲੋਕਾਂ ਦੇ ਮੂੰਹ ਬੰਦ ਕਰਨਾ ਚਾਹੁੰਦਾ ਸੀ। ਕਨੇਡਾ ਵਿੱਚ ਉਸ ਨੇ ਆਪਣੀ ਪੜ੍ਹਾਈ ਪੂਰੀ ਹੁੰਦੇ ਸਾਰ ਪਹਿਲਾਂ ਆਪਣੇ ਦਾਦੇ ਸੁਖਵੰਤ ਸਿਓਂ ਨੂੰ ਆਪਣੇ ਕੋਲ ਬੁਲਾਇਆ। ਉਸ ਨੇ ਆਪਣੇ ਦਾਦੇ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਕਲੰਕ ਧੋ ਕੇ ਲੋਕਾਂ ਦੇ ਮੂੰਹ ਬੰਦ ਕਰ ਦਿੱਤੇ ਸਨ। ਸੁਖਵੰਤ ਸਿਓਂ ਦੇ ਦੱਬੇ ਅਰਮਾਨਾਂ ਨੂੰ ਖੰਭ ਲਾ ਕੇ ਉਸ ਦੇ ਪੋਤੇ ਨੇ ਉਸ ਦੀ ਜ਼ਿੰਦਗੀ ਦੇ ਆਖਰੀ ਪੜਾਅ ਨੂੰ ਇੱਕ ਨਵੀਂ ਉਡਾਰੀ ਦੇ ਦਿੱਤੀ ਸੀ।




**ਬਰਜਿੰਦਰ ਕੌਰ ਬਿਸਰਾਓ...**
**9988901324**

Jai Bheem Jai Savidhan Jai Bharat



14-4-1891



11-4-1827

*You are requested to attend the*

**Vishal Chetna March**

**On Saturday 11th April 2026**

Start 11:00 a.m.

from **Dr. B.R. Ambedkar Model School**

Moh. Guru Ravidasspur, Mehatpur Road, Nakodar

**Dr. Ambedkar Ji & Mahatma Jyotirao Phule Ji**
**Birth Anniversary**
**& Annual Prize Distribution Function**

**On Tuesday 14th April 2026**

10:00 a.m.

at Dr. B.R. Ambedkar Model School, Nakodar

**Chief Guest**
**Dr. Rajinder Kumar Kaul**
M.B.B.S
Retd. S.M.O

**Presided By**
**Mr. Banta Ram Jakhu**
**Smt. Satya Devi Jakhu**
Canada

**Organised by**

**Dr. Ambedkar Memorial Committee Regd.**
**Dr. B.R. Ambedkar Model School**
Mohalla Guru Ravidasspur, Nakodar
President (M : 75298 06701), Chairman (M : 98555-49507)



# ਜੈਲਦਾਰ

ਕੇਸਰ ਸਿੰਘ ਦਾ ਪਰਿਵਾਰ ਜੱਦੀ ਪੁਸ਼ਤੀ ਖਾਨਦਾਨੀ ਅਮੀਰ ਪਰਿਵਾਰ ਸੀਙਜਿਸ ਦੀ ਸਰਕਾਰੇ ਦਰਬਾਰੇ ਚੰਗੀ ਪਹੁੰਚ ਸੀਙਦੱਸਿਆ ਜਾਂਦਾ ਹੈ ਕਿ ਮੁਗਲਾਂ ਦੀ ਹਕੂਮਤ ਸਮੇਂ ਇਨ੍ਹਾਂ ਦੇ ਬਜ਼ੁਰਗ ਮਨਸਬਦਾਰ ਹੋਇਆ ਕਰਦੇ ਸਨ,ਜਿਹਨਾਂ ਦੀ ਬਕਾਇਦਾ ਆਪਣੀ ਫੌਜ ਹੋਇਆ ਕਰਦੀ ਸੀਙਸਿੱਖ ਰਾਜ ਮਤਲਬ ਮਹਾਂਰਾਜਾ ਰਣਜੀਤ ਸਿੰਘ ਦੇ ਰਾਜਕਾਲ ਚ ਉਹਨਾਂ ਦੇ ਬਜੁਰਗ ਬੜੇ ਜਗੀਰਦਾਰਾਂ ਚ ਗਿਣੇ ਜਾਂਦੇ ਸਨਙ ਬ੍ਰਿਟਿਸ ਰਾਜ ਆਇਆ ਤਾਂ ਅੰਗਰੇਜ਼ਾਂ ਨੇ ਉਹਨਾਂ ਨੂੰ, ਕਈ ਪਿੰਡਾਂ ਦੀ ਜੈਲਦਾਰੀ ਬਖ਼ਸ ਦਿੱਤੀ ਸੀਙਇਹਨਾਂ ਪਿੰਡਾਂ ਵਿੱਚੋਂ,ਉਹਨਾਂ ਦੇ ਬਜ਼ੁਰਗ,ਮਨਮਰਜ਼ੀ ਨਾਲ ਮਾਲੀਆ ਉਗਰਾਹਿਆ ਕਰਦੇ ਸਨ,ਅਤੇ ਹਕੂਮਤ ਦੀ ਸ਼ਹਿ 'ਤੇ,ਆਪਣੀ ਜਗੀਰ 'ਚ ਵਸਦੇ ਮੁਜਾਰਿਆਂ (ਮੁਜਾਰੇ ਕਿਸਾਨ) ਨਾਲ ਜਿਆਦਤੀਆਂ ਕਰਦੇ,ਜੁਲਮ ਢਾਇਆ ਕਰਦੇ ਸਨਙਇੱਕ ਤਰਾਂ ਨਾਲ ਉਹ ਇਹਨਾਂ ਲੋਕਾਂ ਦੇ ਰੱਬ ਬਣ ਬੈਠੇ ਸਨ। ਸਮੇਂ ਦੇ ਨਾਲ,ਮਨਸਬਦਾਰੀਆਂ,ਜਗਰੀ ਦਾਰੀਆਂ ਅਤੇ ਜੈਲਦਾਰੀਆਂ ਬੇਸ਼ਕ ਬੀਤੇ ਸਮੇਂ ਦੀ ਯਾਦਾਂ ਬਣ ਕੇ ਰਹਿ ਗਈਆਂ ਸਨ, ਪਰ ਕੇਸਰ ਸਿੰਘ ਦੇ ਪਰਿਵਾਰ ਦੀ ਧੌਣ ਵਿੱਚ ਅੱਜ ਵੀ ਜੈਲਦਾਰੀ ਦਾ ਕੀਲਾ ਫਸਿਆ ਹੋਇਆ ਸੀ। ਫੋਕੀ ਆਕੜ ਨਾਲ ਭਰਿਆ ਉਹ ਬਿਨਾਂ ਕਿਸੇ ਮਤਲਬ ਲੋਕਾਂ ਨੂੰ ਫਜੂਲ ਦੀਆਂ ਧਮਕੀਆਂ, ਡਰਾਵੇ ਦਿੰਦਾ ਰਹਿੰਦਾ ਸੀ।1952-53 'ਚ ਜਦੋਂ ਦੇਸ਼ ਵਿੱਚ ਪੰਚਾਇਤ ਰਾਜ ਸ਼ੁਰੂ ਹੋਇਆ ਸੀ ਤਾਂ ਕੇਸਰ ਸਿੰਘ ਦਾ ਬਾਪ ਕਰਤਾਰ ਸਿੰਘ ਪਿੰਡ ਦਾ ਸਰਪੰਚ ਚੁਣਿਆ ਗਿਆ ਸੀ।ਲਗਾਤਾਰ ਤੀਹ ਪੈਂਤੀ ਸਾਲ ਤੱਕ ਮਤਲੱਬ ਜਦੋਂ ਤੱਕ ਪੰਚਾਇਤੀ ਚੋਣਾਂ ਵਿੱਚ ਰਾਖਵਾਂਕਰਨ ਲਾਗੂ ਨਹੀਂ ਹੋਇਆ,ਕਰਤਾਰ ਸਿੰਘ ਹੀ ਪਿੰਡ ਦਾ ਸਰਪੰਚ ਚੁਣਿਆ ਜਾਂਦਾ ਰਿਹਾ ਸੀ। ਕਹਿਣ ਨੂੰ ਤਾਂ ਕਰਤਾਰ ਸਿੰਘ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਜਾਂਦਾ ਸੀ। ਪਰ ਸੱਚਾਈ ਇਹ ਸੀ ਕਿ ਜੇ ਕੋਈ ਪਿੰਡ ਦਾ ਬੰਦਾ ਉਸ ਦੇ ਮੁਕਾਬਲੇ ਚੋਣਾਂ ਲੜਨ ਬਾਰੇ ਸੋਚਦਾ ਸੀ ਤਾਂ ਡਰਾ ਧਮਕਾ ਕੇ ਉਸ ਨੂੰ ਚੋਣ ਲੜਨ ਤੋਂ ਰੋਕ ਦਿੱਤਾ ਜਾਂਦਾ ਸੀ।

ਕੇਸਰ ਸਿੰਘ ਦੀ ਦਸ ਬਾਰਾਂ ਏਕੜ ਜ਼ਮੀਨ ਲਾਗਲੇ ਪਿੰਡ ਵਿੱਚ ਪੈਂਦੀ ਸੀ। ਅਤੇ ਉਸ ਜ਼ਮੀਨ ਨੂੰ ਪਿੰਡ ਵਲੋਂ ਕੋਈ ਸਿੱਧਾ ਰਸਤਾ ਨਾਂ ਹੋਣ ਕਾਰਨ, ਉਨ੍ਹਾਂ ਨੂੰ ਚਾਰ ਪੰਜ ਕਿਲੋਮੀਟਰ ਦਾ ਫੇਰ ਪਾ ਕੇ ਜਾਣਾਂ ਪੈਂਦਾ ਸੀ।ਪਿੰਡ ਵਲੋਂ ਪਿੰਡ ਦੇ ਵਸੀਮੇਂ (ਜੂਹ) ਤੱਕ ਜਾਂਦੀ ਗੋਹਰੀ ਅਤੇ ਕੇਸਰ ਸਿੰਘ ਦੀ ਜ਼ਮੀਨ ਵਿਚਕਾਰ,ਉਸੇ ਪਿੰਡ ਦੇ ਕਿਸਾਨ ਚੰਨਣ ਸਿੰਘ ਦੀ ਜ਼ਮੀਨ ਪੈਂਦੀ ਸੀ।ਵੱਢਾਈ ਸਮੇਂ ਜਾਂ ਹੋਰ ਕਿਸੇ ਸਮੇਂ ਵੀ ਜਦੋਂ ਜ਼ਮੀਨ ਖਾਲੀ ਪਈ ਹੁੰਦੀ ਸੀ,ਚੰਨਣ ਸਿੰਘ ਨੇ ਕਦੇ ਵੀ ਜੈਲਦਾਰਾਂ ਨੂੰ ਉਧਰੋਂ ਲੰਘਣ ਤੋਂ ਨਹੀਂ ਰੋਕਿਆ ਸੀ।ਇੱਥੋਂ ਤੱਕ ਕਿ ਆਮ ਦਿਨਾਂ ਵਿੱਚ ਵੀ ਉਸ ਨੇ ਜੈਲਦਾਰਾਂ ਦੇ ਲੰਘਣ ਲਈ ਫੁੱਟ - ਡੇਡ ਫੁੱਟ ਚੌੜਾ ਬੰਨਾਂ ਛੱਡਿਆ ਹੋਇਆ ਸੀ।ਫ਼ੇਰ ਵੀ ਜਦੋਂ ਚੰਨਣ ਸਿੰਘ,ਜੈਲਦਾਰਾਂ ਦੇ ਨਾਲ ਲਗਦੇ ਦੋ ਖੇਤਾਂ ਵਿੱਚ ਕਮਾਦ ਬੀਜਣ ਲੱਗਾ ਸੀ ਤਾਂ ਜੈਲਦਾਰ ਕਰਤਾਰ ਸਿੰਘ ਉਸ ਨੂੰ ਧਮਕੀਆਂ ਦੇਣ ਲੱਗ ਪਿਆ ਸੀ।ਕਿ ਜੇ ਚੰਨਣ ਸਿੰਘ ਨੇ ਇਹਨਾਂ ਖੇਤਾਂ ਚ,ਕਮਾਦ ਬੀਜ ਕੇ, ਉਹਨਾਂ ਦਾ ਲਾਂਘਾ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਦੀ ਫ਼ਸਲ ਬਰਬਾਦ ਕਰ ਦੇਵੇਗਾ।ਕਿਸੇ ਝੂਠੇ ਕੇਸ 'ਚ ਫਸਾ ਕੇ,ਉਸ ਨੂੰ ਰੋਟੀ ਤੋਂ ਵੀ ਅਵਾਜਾਰ ਕਰ ਦੇਵੇਗਾ।ਬੇਹੱਦ ਸਰੀਫ ਅਤੇ ਲੜਾਈ ਝਗੜੇ ਤੋਂ ਦੂਰ ਰਹਿਣ ਵਾਲੇ ਚੰਨਣ ਸਿੰਘ ਨੇ,ਕਿਸੇ ਤਰ੍ਹਾਂ ਦੇ ਕਲੇਸ਼ ਪੈਣ ਦੀ ਵਜਾਏ, ਕਮਾਦ ਬੀਜਣ ਦਾ ਖਿਆਲ ਹਮੇਸ਼ਾ ਲਈ ਤਿਆਗ ਦਿੱਤਾ ਸੀ।

ਹੁਣ ਜਦੋਂ ਗੁੜ ਸ਼ੱਕਰ ਦੀਆਂ ਕੀਮਤਾਂ ਅਸਮਾਨ ਛੂਹਣ ਲੱਗੀਆਂ ਤਾਂ ਚੰਨਣ ਸਿੰਘ ਦੇ ਪੁੱਤਰ ਜਰਨੈਲ ਸਿੰਘ ਨੇ ਸੋਚਿਆ ਕਿ ਕਿਉਂ ਨਾ ਸਾਰੀ ਜ਼ਮੀਨ ਵਿੱਚ ਕਮਾਦ ਬੀਜ ਕੇ ਗੁੜ ਵੇਚਿਆ ਜਾਵੇ।ਜਦੋਂ ਜਰਨੈਲ ਸਿੰਘ ਕਮਾਦ ਦੀ ਬਿਜਾਈ ਲਈ ਖੇਤ ਤਿਆਰ ਕਰ ਰਿਹਾ ਸੀ ਤਾਂ ਕੇਸਰ ਸਿੰਘ ਪੁਰਾਣੀ ਜੈਲਦਾਰੀ ਦੇ ਰੋਅਬ 'ਚ,ਜਰਨੈਲ ਸਿੰਘ ਨਾਲ ਜਾ ਫਸਿਆ ਸੀ।ਅਖੇ ਜਦੋਂ ਮੇਰੇ ਬਾਪ ਨੇ ਤੁਹਾਨੂੰ ਸਾਰੀ ਉਮਰ ਕਮਾਦ ਬੀਜਣ ਨਹੀਂ ਦਿੱਤਾ ਤਾਂ ਮੈਂ ਤੁਹਾਨੂੰ ਕਿੱਦਾਂ ਬੀਜ ਲੈਣ ਦਊ।ਜਰਨੈਲ ਸਿੰਘ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ,ਪਰ ਅੱਗਿਓਂ ਫਤੂਰ ਚ ਭਰੇ ਕੇਸਰ ਨੇ ਗਾਲ੍ਹ ਕੱਢ ਦਿੱਤੀ। ਗਾਲ੍ਹ ਕੱਢਣ ਦੀ ਦੇਰ ਸੀ,ਜਰਨੈਲ ਸਿੰਘ ਨੇ ਪੰਜ ਸੱਤ ਥੱਪੜ ਉਸ ਦੇ ਮੂੰਹ 'ਤੇ ਜੜ ਦਿੱਤੇ।ਥੱਪੜ ਖਾ ਢਿੱਲਾ ਜਿਹਾ ਪਿਆ ਕੇਸਰ ਸਿੰਘ "ਤੂੰ ਬੀਜ ਕੇ ਦਿਖਾ ਕਮਾਦ,ਜੇ ਮੈਂ ਵਿੱਚੇ ਨਾ ਵਾਹੇ ਤਾਂ ਕਹੀਂ" ਬੁੜ ਬੁੜ ਕਰਦੇ ਕੇਸਰ ਸਿੰਘ ਨੇ ਉੱਥੋਂ ਖਿਸਕਣ 'ਚ ਹੀ ਭਲਾਈ ਸਮਝੀ ਸੀ।

ਦੂਸਰੇ ਦਿਨ ਜਦੋਂ ਜਰਨੈਲ ਸਿੰਘ ਕਮਾਦ ਦਾ ਬੀਜ ਪਾਉਣ ਲਈ, ਵੱਟਾਂ ਬਣਾ ਰਿਹਾ ਸੀ ਤਾਂ ਕੇਸਰ ਆਪਣੇ ਤਿੰਨ ਚਾਰ ਬਿਹਾਰੀ ਨੋਕਰਾਂ ਨਾਲ ਟਰੈਕਟਰ ਲੈਕੇ ਜਰਨੈਲ ਸਿੰਘ ਦੇ ਖੇਤ 'ਚ ਜਾ ਵੜਿਆ। ਕਹਿੰਦਾ ਹੁਣ ਤਾਂ ਮੈ ਪੱਕੀ ਗੋਹਰੀ (ਰਸਤਾ) ਲਊਗਾ ਇੱਥੋਂ।ਅੱਗਿਓਂ ਜਰਨੈਲ ਸਿੰਘ ਦਾ ਲਲਕਾਰਾ ਸੁਣ ਕੇ,ਬਿਹਾਰੀ ਭੱਈਏ ਤਾਂ ਆਪਣੀਆਂ ਚੱਪਲਾਂ ਵੀ ਉੱਥੇ ਹੀ ਛੱਡ ਕੇ ਭੱਜ ਗਏ।ਪਰ ਕੇਸਰ ਸਿੰਘ ਨੂੰ ਜਰਨੈਲ ਨੇ ਉੱਥੇ ਹੀ ਦਬੋਚ ਲਿਆ।ਵਾਹੇ ਹੋਏ ਖੇਤ ਚ ਢਾਅ ਕੇ,ਉਸ ਨੇ ਕੇਸਰ ਸਿੰਘ ਕੁੱਟਿਆ ਘੱਟ ਪਰ ਮਧੋਲਿਆ ਜਿਆਦਾ ਸੀ। ਕੁੱਟ ਖਾ ਕੇ,"ਅੱਜ ਆਪਣੇ ਪਿੰਡ ਚ ਤੂੰ ਮੈਨੂੰ ਦੱਬ ਲਿਆ, ਲੰਘੀ ਕਦੇ ਸਾਡੇ ਪਿੰਡ ਵਿੱਚੋਂ,ਦੇਖ ਲਾਂ ਗਾ ਤੈਨੂੰ।" ਫੋਕੀ ਬੱੜਕ ਮਾਰਦਿਆਂ ਕੇਸਰ ਸਿੰਘ ਨੇ ਟਰੈਕਟਰ ਪਿੰਡ ਵਲ ਨੂੰ ਮੋੜ ਲਿਆ ਸੀ।

ਇੰਨਾ ਕੁੱਝ ਹੋਣ ਤੋਂ ਬਾਅਦ ਵੀ ਕੇਸਰ ਸਿੰਘ ਦਾ ਘਮੰਡ ਪਹਿਲਾਂ ਦੀ ਤਰ੍ਹਾਂ ਸੱਤਵੇਂ ਅਸਮਾਨ 'ਤੇ ਸੀ।ਅਤੇ ਅੱਜ ਵੀ ਉਹ ਆਪਣੇ ਆਪ ਨੂੰ ਦਸ ਪਿੰਡਾਂ ਦਾ ਜੈਲਦਾਰ ਹੀ ਸਮਝ ਰਿਹਾ ਸੀ।ਨਾਲ ਲਗਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਕੋਲ ਫੋਕੀਆਂ ਫੜਾਂ ਮਾਰ ਕੇ, ਜਰਨੈਲ ਸਿੰਘ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ,ਕਿ ਜੇ ਜਰਨੈਲ ਸਿੰਘ ਨੇ ਉਸਨੂੰ ਆਪਣੀ ਜ਼ਮੀਨ ਵਿੱਚੋਂ ਰਸਤਾ ਨਾ ਦਿੱਤਾ ਤਾਂ ਉਹ ਜਰਨੈਲ ਸਿੰਘ ਦੀ ਖੜੀ ਫਸਲ 'ਚ ਟਰੈਕਟਰ ਘੁਮਾ ਕੇ ਉਸ ਨੂੰ ਬਰਬਾਦ ਕਰ ਦੇਵੇਗਾ। ਉਸ ਦੀਆਂ ਧਮਕੀਆਂ ਭਰੇ ਸੁਨੇਹੇ ਸੁਣ ਕੇ,ਇੱਕ ਦਿਨ ਜਰਨੈਲ ਸਿੰਘ ਸਿੱਧਾ ਉਸ ਦੇ ਪਿੰਡ,ਉਸ ਦੀ ਗਲੀ 'ਚ ਪਹੁੰਚ ਗਿਆ।ਕਿੰਨੀ ਦੇਰ ਤੱਕ ਉਹ, ਕੇਸਰ ਸਿੰਘ ਦੇ ਘਰ ਦਾ ਦਰਵਾਜ਼ਾ ਖੜਕਾਉਂਦਾ ਰਿਹਾ।ਪਰ,ਘਰ ਚ ਹੁੰਦੇ ਹੋਏ ਵੀ,ਕੇਸਰ ਸਿੰਘ ਘਰੋਂ ਬਾਹਰ ਨਾ ਆਇਆ।

ਨਾਲ ਲਗਦੇ ਕਈ ਪਿੰਡਾਂ ਵਿੱਚ,ਇਸ ਲੜਾਈ ਵਾਰੇ ਚਰਚਾ ਹੋ ਰਹੀ ਸੀ।ਗੱਲ ਦੋਹਾਂ ਪਿੰਡਾਂ ਦੀ ਪੰਚਾਇਤ ਤੱਕ ਪਹੁੰਚ ਚੁੱਕੀ ਸੀ। ਜਰਨੈਲ ਸਿੰਘ ਦਾ ਪੂਰਾ ਪਿੰਡ ਉਸ ਦੀ ਹਮਾਇਤ ਵਿੱਚ,ਉਸ ਦੇ ਪਿੱਛੇ ਖੜਾ ਸੀ।ਜਦਕਿ ਕੇਸਰ ਸਿੰਘ ਦੇ ਪਿੰਡ ਵਾਸੀ,ਕੇਸਰ ਸਿੰਘ ਨੂੰ ਕਸੂਰਵਾਰ ਮੰਨਦੇ, ਉਸਨੂੰ ਪੰਚਾਇਤੀ ਇਜਲਾਸ ਵਿੱਚ ਬੁਲਾ ਕੇ,ਪੰਚਾਇਤ 'ਚ ਉਸ ਦੇ ਖਿਲਾਫ਼ ਮਤਾ ਪਾਉਣਾਂ ਚਾਹੁੰਦੇ ਸਨ।ਪਰ ਪਿੰਡ ਪੰਚਾਇਤ ਦੀ,ਪਿੰਡ ਦਾ ਸਾਂਝਾ ਇਜਲਾਸ ਬੁਲਾਉਣ ਦੀ ਹਿੰਮਤ ਨਹੀ ਸੀ ਹੋ ਰਹੀ।ਆਪਣੀ ਹਾਰ ਤੋਂ ਬੁਖਲਾਇਆ ਕੇਸਰ ਸਿੰਘ ਫੋਕੀਆਂ ਧਮਕੀਆਂ ਦਿੰਦਾ ਹੋਇਆ ਜੋ ਮੂੰਹ ਆਂਉਦਾ,ਬੋਲਦਾ ਜਾ ਰਿਹਾ ਸੀ।ਉਸ ਦੀਆਂ ਇਨ੍ਹਾਂ ਅਨਾਪ ਛਨਾਪ ਅਤੇ ਬੇਮਤਲਬ ਦੀ ਗੱਲਾਂ ਸੁਣ ਸੁਣ ਕੇ ਉਸ ਦੇ ਕੱਟੜ ਸਮਰਥਕ ਵੀ ਉਸ ਦਾ ਸਾਥ ਛੱਡਦੇ ਜਾ ਰਹੇ ਸਨ।ਨਾਲ ਲਗਦੇ ਕਈ ਪਿੰਡਾਂ ਵਿੱਚ,ਉਸ ਨੂੰ ਸਨਕੀ ਪਾਗਲ ਕਹਿ ਕੇ, ਉਸ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ। ਅਤੇ ਹੁਣ ਕੋਈ ਵੀ ਉਸ ਦੀ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਸੀ।




**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com